
# ਅੰਮ੍ਰਿਤ ਕੀਰਤਨ

ਮਈ 2003



# Amrit Kirtan

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# DR. JAGIR SINGH GETS PRESTIGIOUS AWARD



Dr. Jagir Singh has become the first ragi from Chandigarh to be honoured with the coveted Central Sangeet Natak Akademi award, initiated in the category of Gurbani Kirtan. Interestingly, it is the first time that the Akademi has presented an award in the category of Gurbani Kirtan. Meanwhile, Sharayu Kelkar, also from Chandigarh, has been selected for the Central Sangeet Natak Akademi award in the category of Hindustani classical music.

Dr Jagir Singh is currently serving as Deputy Director in the Punjab School Education Board. Talking to Chandigarh Tribune about his association with this rare stream of music, which is on decline in the place of its origin, Dr. Singh said that his initiation into the field came easy because of his father's religious and musical leanings. The affair started way back in 1968 when Dr Jagir Singh started accompanying his father to significant classical Gurbani Kirtan recitals at prestigious Gurdwaras in Punjab. Years later, he honed his talent under the tutelage of many established Classical Maestros of the region like Prof. Yash Pal, former Head, Music Department, Panjab University. Having acquired perfection in controlling the soft medium of gurbani, Dr. Jagir Singh went on to compose various musical scores, apart from releasing over many music albums of Gurbani Kirtan.

According to G. S. Channi, who attended the meeting of the governing council held in Delhi on March 25, regarding the announcement of the award, Dr Jagir Singh has been awarded for his immense contribution in the field of Gurbani Kirtan. He is not only a doctorate in Gurbani Kirtan, but is also very creative and imaginative when it comes to creating music. Besides, he is also a well-read scholar. He has been awarded for having uplifted the status of Gurbani Kirtan to that of an art form.

Dr Jagir Singh has already been involved with the formulation of music at the school level (between classes VI and XII). For some years now, he has been publishing a monthly magazine Amrit Kirtan. The literary work has even been influential in getting Gurbani Kirtan accepted as a diploma stream in Punjabi University, Patiala and Guru Nanak Dev University, Amritsar.

Dr. Jagir Singh has recited Gurbani Kirtan at Kesgarh Sahib, Anandpur Sahib and Dukhniwaran Sahib gurdwaras. He has also been reciting classical Gurbani Kirtan at the light and sound programme initiated in Anandpur Sahib gurdwara in 1999.

Famous telefilms Hola Mohalla and Nihang Sahibji have music composed by Dr Jagir Singh, who has also sung in the films.

The latest in the line is the publication of his first-ever thesis titled, "The relation of Guru poetry with music."

**Chandigarh Tribune, March 31, 2003**

ਅੰਮ੍ਰਿਤ ਕੀਰਤਨ
ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 5 ◆ ਸਾਲ ਪੰਦਰਵਾਂ ◆ ਮਈ 2003

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਰਚਨਾਵਾਂ, ਚੰਦਾ ਅਤੇ ਚਿੱਠੀ-ਪੱਤਰ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660
e-mail: drjagirsingh@rediffmail.com

ਮਿਤ੍ਰ ਅਸਾਡੜੇ ਸੇਈ 2
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ 5
*ਸੰਪਾਦਕੀ*

ਸਾਡਾ ਵਿਰਸਾ... 'ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ!!' 7
*ਪ੍ਰੋ. ਨਰਿੰਦਰ ਸਿੰਘ*

ਚਾਨਣ ਦੀਆਂ ਇੱਟਾਂ 10
*ਮਨਮੋਹਨ ਸਿੰਘ ਦਾਉਂ*

ਕਿਸ ਪਹਿ ਖੋਲ੍ਹਉ ਗੰਠੜੀ 11
*ਬਬਸੀ ਐਸ. ਸਿੰਘ*

ਕੰਠ-ਸਾਧਨਾ 13
*ਗੁਰਕੰਵਲ ਕੌਰ*

ਖਾਲਸਾ ਪੰਥ ਆਗਾਜ਼ ਤੇ ਸੰਪੂਰਨਤਾ 15
*ਸੋਹਣ ਸਿੰਘ*

ਗੁਰ ਕੈ ਗ੍ਰਿਹਿ ਸੇਵਕ ਜੋ ਰਹੈ 18
*ਕਰਤਾਰ ਸਿੰਘ ਨੀਲਧਾਰੀ*

21ਵਾਂ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ 20
*ਗੁਰਜੰਤ ਸਿੰਘ ਰਾਹੀ*

Guru Nanak Dev's Concept of Uni... 22
Joginder Singh

ਸੁਰ ਲਿਪੀਆਂ 24
*ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ*

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 25
*ਮਨਮੋਹਨ ਸਿੰਘ*

ਆਓ ਕੁਝ ਕਰੀਏ 27
*ਕੁਲਦੀਪ ਸਿੰਘ*

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰੂ ਅਸਾਡੜੇ ਸੇਈ

♦ ਤੁਹਾਨੂੰ ਅਕਾਡਮੀ ਦੇ ਅਵਾਰਡ ਲਈ ਮੁਬਾਰਕ, ਹੱਕਦਾਰ ਨੂੰ ਹੱਕ ਮਿਲ ਗਿਆ ਹੈ। ਬਹੁਤ ਚੰਗਾ ਹੋਇਆ।

*- ਪ੍ਰੋ. ਪ੍ਰੀਤਮ ਸਿੰਘ*

*2, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ*

♦ ਪੰਜਾਬੀ ਟ੍ਰਿਬਿਊਨ ਵਿਚ ਤੁਹਾਨੂੰ ਰਾਸ਼ਟਰੀ ਪੱਧਰ ਦੇ ਗੁਰਬਾਣੀ ਪੁਰਸਕਾਰ ਦਿੱਤੇ ਜਾਣ ਦੇ ਸਮਾਚਾਰ ਨੂੰ ਪੜ੍ਹ ਕੇ ਹਿਰਦਾ ਗਦ-ਗਦ ਹੋ ਗਿਆ। ਇਹ ਸਾਡੇ ਸਾਰਿਆਂ ਲਈ ਪ੍ਰਸੰਨਤਾ ਤੇ ਗੌਰਵ ਦੀ ਗੱਲ ਹੈ।

ਤੁਹਾਡੀ ਲੰਮੀ ਸਾਧਨਾ, ਲਗਨ ਤੇ ਮਿਹਨਤ ਨੂੰ ਇਹ ਸਾਂਹਜ ਲੱਗਿਆ ਫਲ ਹੈ। ਸਾਰੇ ਪਰਿਵਾਰ ਨੂੰ ਵਧਾਈਆਂ। ਤੁਹਾਡਾ ਕੱਦ ਪਹਿਲਾਂ ਹੀ ਉੱਚਾ ਹੈ, ਇਸ ਪੁਰਸਕਾਰ ਨਾਲ ਇਸ ਸਨਮਾਨ ਨੂੰ ਦੇਣ ਵਾਲੀ ਸੰਸਥਾ ਦਾ ਵੀ ਕੱਦ ਉੱਚਾ ਹੋਵੇਗਾ। ਵਾਹਿਗੁਰੂ ਤੁਹਾਨੂੰ ਸਿਹਤਮੰਦ ਲੰਮੀ ਆਯੂ ਦੇਵੇ ਤਾਂ ਜੁ ਸਮਾਜ ਤੁਹਾਡੀਆਂ ਸੇਵਾਵਾਂ ਤੇ ਗੁਣਾਂ ਤੋਂ ਲੰਮੇ ਸਮੇਂ ਤੱਕ ਲਾਭ ਲੈ ਕੇ ਧੰਨ ਮਹਿਸੂਸ ਕਰੇ।

*- ਡਾ. ਕਰਨੈਲ ਸਿੰਘ ਸੋਮਲ*

*337, ਫੇਜ਼ 6, ਮੋਹਾਲੀ*

♦ ਅਪ੍ਰੈਲ ਦਾ ਅੰਕ ਮਿਲਿਆ ਆਪ ਜੀ ਦੀ ਸੰਪਾਦਕੀ ਭਾਈ ਬਖ਼ਸ਼ੀਸ਼ ਸਿੰਘ ਦੀਆਂ ਯਾਦਾਂ ਬਹੁਤ ਸੁੰਦਰ ਲੱਗੀਆਂ। ਯਾਦਾਂ ਦੀ ਪਟਾਰੀ ਇਸ ਤਰ੍ਹਾਂ ਖੋਲ੍ਹਦੇ ਰਿਹਾ ਕਰੋ। ਅਨੋਖਾ ਰਹਿਤਨਾਮਾ ਅਤੇ ਲਘੂ ਕਥਾ, ਡਾ. ਭਗਵੰਤ ਕੌਰ ਜੀ, ਗੀਮਾ ਸ਼ਰਮਾ ਹੁਰਾਂ ਦੇ ਲੇਖ ਵੀ ਬਹੁਤ ਵਧੀਆ ਹਨ। ਭਾਈ ਕਰਮ ਸਿੰਘ ਰਤਨ ਮਾਲਾ ਵਿਚ ਸਾਰੇ ਹੀ ਰਾਗੀ ਸਿੰਘਾਂ ਬਾਰੇ ਜਾਣਕਾਰੀ ਦਿੱਤੀ ਹੈ, ਕਾਬਲੇ ਤਾਰੀਫ ਹੈ।

*- ਅਵਤਾਰ ਸਿੰਘ ਹੰਸ*

*ਗੁਰਬਾਣੀ ਕੀਰਤਨ ਅਕੈਡਮੀ, ਗੁ: ਸੰਗਤਪੁਰਾ, ਸੰਗਰੂਰ*

♦ ਅਪ੍ਰੈਲ ਦਾ ਮੈਗਜ਼ੀਨ ਬਹੁਤ ਹੀ ਕਾਬਿਲੇ ਤਾਰੀਫ ਸੀ। ਕਰਉ ਬੇਨੰਤੀਆ ਡਾਕਟਰ ਜਾਗੀਰ ਸਿੰਘ ਜੀ ਦੀ ਤਹਿਰੀਰ ਭਾਈ ਬਖ਼ਸ਼ੀਸ਼ ਸਿੰਘ ਜੀ ਬਾਰੇ ਬਹੋੱਦ ਪਸੰਦ ਆਈ। 17-18 ਸਾਲ ਪਹਿਲਾਂ ਦਾਸ ਨੂੰ ਭਾਈ ਬਖਸ਼ੀਸ਼ ਸਿੰਘ ਪਟਿਆਲਾ ਨਾਲ ਸਹਾਇਕ (ਸਾਈਡ) ਤੇ ਇਕ ਵਾਰ ਕੀਰਤਨ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੀ ਇਕ ਗੀਤ 'ਕਾਲੀ ਕੋਇਲ ਤੂੰ ਕਿਤ ਗੁਨ ਕਾਲੀ' ਜੋ ਦਾਸ ਅਜੇ ਤੱਕ ਵੀ ਗਾਉਂਦਾ ਹੈ। ਭਾਈ ਸਾਹਿਬ ਇਕ ਮਹਾਨ ਸੰਗੀਤਕਾਰ ਰਾਗੀ ਸਨ। ਇਕ ਅਨੋਖਾ ਰਹਿਤਨਾਮਾ ਲੇਖ ਡਾ. ਜਾਗੀਰ ਸਿੰਘ ਜੀ ਦਾ ਲੇਖ ਅਤੇ ਗੁਰਮਤਿ ਸੰਗੀਤ ਵਿਚ ਰਬਾਬੀ ਸੰਗੀਤਕਾਰਾਂ ਦਾ ਯੋਗਦਾਨ ਲੇਖ ਸ੍ਰੀ ਗੀਮਾ ਸ਼ਰਮਾ ਜੀ ਦੇ ਲੇਖ ਬਹੁਤ ਹੀ ਖੋਜ ਭਰਪੂਰ ਲੇਖ ਸਨ ਜਿਨ੍ਹਾਂ ਨੇ ਸਾਨੂੰ ਸੰਗੀਤ ਦਾ ਸਹੀ ਤਰੀਕਾ ਦੱਸਿਆ ਹੈ 'ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸਾਜ਼' ਲੇਖ ਡਾ. ਭਗਵੰਤ ਕੌਰ ਅੰਮ੍ਰਿਤਸਰ, 'ਰਾਗੀ ਰਤਨ ਮਾਲਾ' ਵਲੋਂ ਭਾਈ ਕਰਮ ਸਿੰਘ ਰਤਨ ਬਹੁਤ ਹੀ ਕਾਬਿਲੇ ਤਾਰੀਫ ਕਾਵਿ ਰਚਨਾ ਸੀ। 'ਰਾਗ ਕੇਦਾਰ ਵਿਚ ਮਤ ਤਾਲ ਦੀ ਬੰਦਸ਼', 16 ਮਾਤਰਾ ਤੀਨ ਤਾਲ ਦੀ ਬੰਦਸ਼', ਰਾਗ ਕਲਿਆਣ ਵਿਚ 'ਕਹਿਰਵਾ ਤਾਲ ਦੀ ਬੰਦਸ਼' ਆਦਿਕ ਸਮੱਗਰੀ ਬਹੁਤ ਹੀ ਖੋਜ ਭਰਪੂਰ ਸੀ। ਬਾਕੀ ਇਕ ਸੁਆਲ ਦਾ ਜਵਾਬ ਤੁਹਾਡੇ ਕੋਲੋਂ ਮੰਗਦਾ ਹਾਂ ਕਿ ਕਿਸੇ ਦੇ ਘਰ ਪਾਠ ਦੇ ਭੋਗ ਤੋਂ ਉਪਰੰਤ ਸ਼ਬਦ ਕੀਤਰਨ ਦੇ ਆਰੰਭ ਵਿਚ ਕੀਰਤਨ ਭੇਟ (ਮਾਇਆ) ਦੀ ਅਰਦਾਸ ਕਰ ਸਕਦੇ ਹਾਂ ਕਿ ਨਹੀਂ। ਪਤਾ ਦੇਣਾ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ ਮਲੋਟ (ਮੁਕਤਸਰ)*

♦ We are extremely delighted to learn from the newspapers that your contributions have been recognized at the national level by the Sangeet Natak Academy. Please accept our

heartiest congratulations on getting this honour.

Thanks for sending to us your 'Amrit Kirtan' which we always find very uplifting and enlightening. Your article on *Rehatnamas* in the latest issue is very refreshing and convincing too.

***- Swarnjit and H.S. Mehta***

*F/11 Sector 14, Chandigarh*

♦ I am obliged for your April Issue of 'Amrit Kirtan'. I am sure you will please send me this beautiful magazine regularly and if possible please send old issues also. I have a craze of reading good books/ Magazines.

***- Bakhshish Singh Arora***

*211, Cheema Nagar, Jalandhar*

♦ I wasn't satisfied by conveying my greetings to you on telephone. Hence this note which, I do hope, will stay with you permanently. It is a matter of great pleasure that you have won the National Sangeet Natak Akademi's award for Gurbani Kirtan and that you are the first recipient of this newly-instituted, prestigious honour. Your achievement has elevated the Sikh community's self-esteem to new heights. I am proud that you are known to me personally. I am grateful to Paramjit Singh, the gifted tabla-player, who introduced me to you and your distinguished style of hymn-singing. My very first response was that you would certainly carve a niche for yourself. Thank God my hunch has come out to be true. I wish you many more and greater honours. As you succinctly put it "Wah-e-Guru has recognised his Sewak's distinguished service" — Tread now the path that HE has shown you and all will be well. The best is yet to come. While I am in a mood of gay felicitations I might as well share with you my own views on this sacred subject. These are based on my long and painstaking research which I did as God's own Edict-Fiat (hukam).

The term 'Art' used in reporting your award is a misnomer. If it occurs in the citation, it is unfortunate. If it is the reporter's coinage, it is forgivable. But if it is your own creation you might as well consider my observations with utmost seriousness. Art is all that Man has created and is capable of creating in the future. What we see in Nature, which is God's *qudrat* or Might, is *a priori* Akal Purakh's own creation. It is a *natural* attribute of His Omnipresent Creativity. What Man creates is artificial i.e. *not*-natural. It is therefore limited to the power of the human mind and intellect. Man can do a perfect job but NOT create LIFE. And short of Life everything that he creates has mechanical precision — NOT the Bio-Diversity of God's Nature. In simpler terms, ART is less than the Man who creates it. Therefore, to say that Gurbani Kirtan has been transformed into ART is

tantamount to a sacrilege. KIRTAN happens when panegyrics (Shabad) addressed to God spontaneously assume MUSIC-al expression. It is a sudden outburst of the moment when soul-consciousness (surat) unknowingly tunes in (dhun) with the Shabad (Guru). It is like God's Secret Kiss of Life to resuscitate the dead human soul into an effulgent consciousness of Divine Presence. Music is a substitute for Yoga (which is confined to bodily acrobatics and/ or breathing barrages) to transform Logos (Shabad) into Melody — a madding longing of the soul-bride for Communion with the Divine-Husband (Khasam). For me, MUSIC =**M**oulding of **U**niversal **S**ound **I**nto **C**reativity. Such creativity is inspired, *never* acquired either as Art or Craft. Guru Arjan Dev's injunction says it all: ਆਪਿ ਗਾਵਾਏ ਸੁ ਹਰਿਗੁਨ ਗਾਓ = One sings panegyrics to God's attributes when He Himself implants such songs in one's heart! To my knowledge, you have been doing *non*-doing of this kind. To call it ART is to call the SACRED Profane. More, if you are responsive to such discomfiting analysis. God bless.

***- Architect Professor Dr. S.S. Bhatti***

*Dean (1984-96), Faculty of Design & Fine Arts, PU*

*3314, Sector 15-D, Chandigarh*

I asked God to take away my habit. God said, No.
It is not for me to take away, but for you to give it up.
I asked God to make my handicapped child whole. God said, No.
His spirit is whole, his body is only temporary.
I asked God to grant me patience. God said, No.
Patience is a by-product of tribulations, it isn't granted, it is learned.
I asked God to give me happiness. God said, No.
I give you blessings; Happiness is up to you.
I asked God to spare me pain. God said, No.
Suffering draws you apart from worldly cares and brings you close to Me.
I asked God to make my spirit grow. God said, No.
You must grow on your own! but I will prune you to make you fruitful.
I asked God for all things that I might enjoy in life. God said, No.
I will give you life, so that you may enjoy all things.
I asked God to help me LOVE others, as much as He loves me. God said....Ahhhh, finally you have the idea.
THIS DAY IS YOURS DON'T THROW IT AWAY. May God Bless You.

***"To the world you might be one person, but to one person you just might be the world"***

*With best compliments from a wellwisher*

# ਸਲੀਕਾ

'ਅੰਮ੍ਰਿਤ ਕੀਰਤਨ' ਪਿਛਲੇ 14 ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਹ ਨਿਕੀ ਜਿਹੀ ਸ਼ੁਰੂਆਤ ਤੁਹਾਡੀ ਸਰਪ੍ਰਸਤੀ ਅਤੇ ਸਹਿਯੋਗ ਸਦਕਾ ਹੁਣ ਇਕ ਲਹਿਰ ਵਿੱਚ ਤਬਦੀਲ ਹੋ ਚੁੱਕੀ ਹੈ। ਗੁਰਮਤਿ ਸੰਗੀਤ ਦੀ ਲਹਿਰ ਪ੍ਰਚੰਡ ਕਰਨ ਵਿੱਚ 'ਅੰਮ੍ਰਿਤ ਕੀਰਤਨ' ਦਾ ਬੜਾ ਵੱਡਾ ਯੋਗਦਾਨ ਹੈ। ਭਾਵੇਂ ਇਸ ਮੈਗਜ਼ੀਨ ਦਾ ਵਿਸ਼ਾ ਬੜਾ ਮਹੱਤਵਪੂਰਨ ਹੈ ਫਿਰ ਵੀ ਇਸ ਦੇ ਪਾਠਕਾਂ ਦੀ ਗਿਣਤੀ ਘਟ ਹੈ। ਜਿਸ ਕਰਕੇ ਇਸ ਮੈਗਜ਼ੀਨ ਨੂੰ ਸਦਾ ਹੀ ਮਾਇਕ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਔਕੜਾਂ ਦੇ ਬਾਵਜੂਦ ਵੀ ਅਸੀਂ ਇਸ ਮੈਗਜ਼ੀਨ ਨੂੰ ਲੋੜਵੰਦ ਵਿਅਕਤੀਆਂ ਤਕ ਪੁਚਾਉਣਾ ਚਾਹੁੰਦੇ ਹਾਂ।

ਇਹ ਮੈਗਜ਼ੀਨ ਕਈ ਵਿਅਕਤੀਆਂ ਨੂੰ ਸਨਮਾਨ ਵਜੋਂ ਮੁਫਤ ਵੀ ਭੇਜਿਆ ਜਾਂਦਾ ਹੈ। ਜਦੋਂ ਕਦੀ ਅਜਿਹੇ ਵਿਅਕਤੀਆਂ ਵਲੋਂ ਪੱਤਰ ਰਾਹੀਂ ਸੁਝਾਅ ਭੇਜੇ ਜਾਂਦੇ ਹਨ ਤਾਂ ਬੜੀ ਖੁਸ਼ੀ ਹੁੰਦੀ ਹੈ। ਪਰ ਉਦੋਂ ਬਹੁਤ ਅਫਸੋਸ ਹੁੰਦਾ ਹੈ ਜਦੋਂ ਸਾਲਾਂ ਬੱਧੀ ਮੈਗਜ਼ੀਨ ਪ੍ਰਾਪਤ ਕਰਨ ਵਾਲੇ ਸੱਜਣ ਜਦੋਂ ਕਿਤੇ ਮਿਲਦੇ ਹਨ ਤਾਂ ਸ਼ਿਕਾਇਤ ਕਰਦੇ ਹਨ ਕਿ ਸਾਨੂੰ ਹੁਣ ਮੈਗਜ਼ੀਨ ਨਹੀਂ ਮਿਲ ਰਿਹਾ। ਪੜਤਾਲ ਕਰਨ ਤੇ ਪਤਾ ਲਗਦਾ ਹੈ ਕਿ ਉਹਨਾਂ ਆਪਣੇ ਬਦਲੇ ਹੋਏ ਐਡਰੈਸ ਦੀ ਸੂਚਨਾ 'ਅੰਮ੍ਰਿਤ ਕੀਰਤਨ' ਦੇ ਦਫਤਰ ਵਿੱਚ ਨਹੀਂ ਦਿਤੀ ਸੀ। ਉਦੋਂ ਸਾਨੂੰ ਜਾਪਦਾ ਹੈ ਕਿ ਅਸੀਂ ਖਾਹਮਖਾਹ ਮੂਰਖ ਬਣੇ ਹਾਂ। ਆਪਣੀ ਸ਼ਕਤੀ ਅਤੇ ਪੈਸਾ ਫਜ਼ੂਲ ਬਰਬਾਦ ਕਰਦੇ ਰਹੇ ਹਾਂ। ਜਿਹੜੇ ਵਿਅਕਤੀ ਇਕ ਪੋਸਟ ਕਾਰਡ ਰਾਹੀਂ ਆਪਣਾ ਪਤਾ ਬਦਲਣ ਦਾ ਸੂਚਨਾ ਦੇਣੀ ਉਚਿਤ ਨਹੀਂ ਸਮਝਦੇ ਉਹ ਜ਼ਿੰਦਗੀ ਦੇ ਹੋਰ ਪੱਖਾਂ ਬਾਰੇ ਕਿੰਨੇ ਕੁ ਸੰਜੀਦਾ ਹੋਣਗੇ। ਸਾਡੀ ਇਹ ਨਮੋਸ਼ੀ ਹੋਰ ਵੀ ਵਧ ਜਾਂਦੀ ਹੈ ਜਦੋਂ ਵਿਦੇਸ਼ਾਂ ਵਿੱਚ ਬੈਠੇ ਸੱਜਣ ਅਜਿਹਾ ਰਵੱਈਆ ਧਾਰਨ ਦਰ ਲੈਂਦੇ ਹਨ।

ਵਿਦੇਸ਼ ਵਿੱਚ ਮੈਗਜ਼ੀਨ ਭੇਜਣ ਦਾ ਡਾਕਖਰਚ ਲਗਭਗ 25 ਰੁ: ਆਉਂਦਾ ਹੈ। ਜਦੋਂ ਸਾਨੂੰ ਮੈਗਜ਼ੀਨ ਵਾਪਸ ਮਿਲਦਾ ਹਾਂ ਤਾਂ ਆਪਣੇ ਆਪ ਤੇ ਹੋਰ ਅਫਸੋਸ ਹੁੰਦਾ ਹੈ। ਭਾਰਤ ਵਿੱਚ ਤਾਂ ਕਈ ਵਾਰ ਡਾਕ-ਖਾਨੇ ਦੀ ਗਲਤੀ ਜਾਂ ਅਣਗਿਹਲੀ ਸਮਝੀ ਜਾ ਸਕਦੀ ਹੈ ਪਰ ਅਮਰੀਕਾ ਵਰਗੇ ਦੇਸਾਂ ਵਿੱਚ ਡਾਕ ਪ੍ਰਬੰਧ ਵਾਲੇ ਸੁਚੇਤ ਹਨ। ਉਹ ਕੋਈ ਨਾ ਕੋਈ ਟਿੱਪਣੀ ਜ਼ਰੂਰ ਦਿੰਦੇ ਹਨ ਜਿਵੇਂ- ਪਤੇ ਵਾਲਾ ਬੰਦਾ ਛੱਡ ਕੇ ਚਲਾ ਗਿਆ, ਐਡਰੈਸ ਨਹੀਂ ਛੱਡਿਆ ਜਾਂ ਅਧੂਰਾ ਐਡਰੈਸ ਆਦਿ।

ਪਿਛਲੇ ਮਹੀਨੇ ਇੱਕ ਮੈਗਜ਼ੀਨ ਸਾਨੂੰ ਵਾਪਸ ਪ੍ਰਾਪਤ ਹੋਇਆ। ਉਸ ਨੂੰ ਜਿਹੜੇ ਲਿਫਾਫੇ ਵਿਚ ਉਹਨਾਂ ਵਾਪਸ ਭੇਜਿਆ ਉਸ ਉਤੇ ਲਿਖੀ ਇਬਾਰਤ ਪ੍ਰਭਾਵਸ਼ਾਲੀ ਹੈ।

**UNITED STATES POSTAL SERVICE**

**AMC-JFK, NV 11430-9998**

DEAR POSTAL CUSTOMER:

The enclosed was found loose in the mails or has been damaged in handling through Foreign Postal Administrations or in the U.S. Postal Service (whichever is applicable to the enclosure).

We realize your mail is important to you and you have every right to expect it to be delivered intact and in good condition. The Postal Service makes every effort to properly handle the mail entrusted to it but due to the large volume and machine malfunctions, occasional damage may occur.

We are constantly striving to improve our processing methods to assure that an occurrence such as the enclosed can be eliminated. We appreciate your concern over the handling of your mail and sincerely regret the inconvenience you have experienced.

Plant Manager

AMC-JFK, NY 11430-9998

ਇਸ ਰਾਹੀਂ ਅਸੀਂ ਤਾਂ ਸੁਚੇਤ ਹੋਏ ਹਾਂ ਅਸੀਂ ਆਪਣੇ ਆਦਰ ਯੋਗ ਪਾਠਕਾਂ ਨੂੰ ਬੇਨਤੀ ਕਰਦੇ ਹਾਂ ਕਿ ਆਪ ਵੀ ਇੱਕ ਪੋਸਟ ਕਾਰਡ ਲਿਖਕੇ ਸਾਡੇ ਕਾਰਜ ਨੂੰ ਸੋਖਾ ਬਣਾਉਣ ਦੀ ਕਿਰਪਾ ਕਰਨ

(1) ਜੇ ਤੁਹਾਨੂੰ ਮੈਗਜ਼ੀਨ 10 ਤਰੀਕ ਤਕ ਨਹੀ ਮਿਲਦਾ ਤਾਂ ਸਾਨੂੰ ਪੋਸਟ ਕਾਰਡ ਰਾਹੀਂ ਸੂਚਨਾ ਦਿਓ ਅਸੀਂ ਦੁਬਾਰਾ ਭੇਜ ਦਿਆਂਗੇ।

(2) ਜੇ ਤੁਹਾਨੂੰ ਪਤਾ ਬਦਲ ਜਾਂਦਾ ਹੈ ਤਾਂ ਪੋਸਟ ਕਾਰਡ ਰਾਹੀਂ ਸਾਨੂੰ ਸੂਚਨਾ ਦਿਓ ਇਸ ਨਾਲ ਸਾਡਾ ਸਮਾਂ, ਸ਼ਕਤੀ ਅਤੇ ਪੈਸਾ ਬਰਬਾਦ ਹੋਣੋ ਬਚੇਗਾ।

(3) ਜੇ ਤੁਹਾਨੂੰ ਮੈਗਜ਼ੀਨ ਨਹੀਂ ਚਾਹੀਦਾ ਤਾਂ ਵੀ ਸਾਨੂੰ ਸੂਚਨਾ ਦਿਓ।

(4) ਪੋਸਟ ਕਾਰਡ ਲਿਖਕੇ ਸਾਡੀਆਂ ਊਣਤਾਈਆਂ ਸਾਨੂੰ ਦਸੋ ਤਾਂ ਜੋ ਅਸੀਂ ਉਹਨਾਂ ਨੂੰ ਦੂਰ ਕਰ ਸਕੀਏ।

# ਸਾਡਾ ਵਿਰਸਾ

# "ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ!!"


ਪ੍ਰੋ. ਨਰਿੰਦਰ ਸਿੰਘ

956, ਫੇਜ਼ 3-ਬੀ,
ਮੋਹਾਲੀ


ਅਰਦਾਸ ਕਰਨ ਦੇ ਦੋ ਰੂਪ ਹਨ। ਇਕ ਕੇਵਲ ਨਿਜੀ ਅਰਦਾਸ ਅਤੇ ਦੂਸਰਾ ਰੂਪ ਸੰਗਤੀ-ਅਰਦਾਸ ਦਾ ਹੈ। ਨਿਜੀ ਅਰਦਾਸ ਕਿਸੇ ਭਾਸ਼ਾ ਵਿਚ ਅਤੇ ਕਿਸੇ ਸਮੇਂ ਵੀ ਕੀਤੀ ਜਾ ਸਕਦੀ ਹੈ। ਕਿਸੇ ਲੋੜ-ਵੰਦ ਨੇ ਆਪਣੀ 'ਗੁਹਜ ਗਲ' ਆਪਣੇ ਗੁਰਦੇਵ ਨਾਲ ਕਰਨੀ ਹੋਵੇ ਤਾਂ ਕੇਵਲ ਉਹ ਹੀ ਜਾਣਦਾ ਹੈ ਕਿ ਉਹ ਗੱਲ ਉਸਨੇ ਕਿਤਨੀ ਵਾਰ ਜਾਂ ਕਿਤਨੀ ਲੰਬੀ ਕਰਨੀ ਹੈ। ਛੋਟੀ ਤੋਂ ਛੋਟੀ ਦੋ ਅੱਖਰੀ ਅਰਦਾਸ 'ਦਾਤਿਆ ਬਖਸ਼ੀਂ" ਬੜੀ ਮਹਾਨਤਾ ਰਖਦੀ ਹੈ।

ਸੰਗਤੀ ਅਰਦਾਸ਼ ਇਕ ਪੰਥਕ ਅਰਦਾਸ ਦਾ ਰੂਪ ਹੈ। ਸੰਗਤੀ ਰੂਪ ਵਿਚ ਕੀਤੀ ਜਾ ਰਹੀ ਅਰਦਾਸ ਵਿਚ ਸਾਰੀ ਸੰਗਤ ਹਥ ਜੋੜ ਕੇ, ਗੁਰੂ ਦਰਬਾਰ ਵਿਚ ਖੜ੍ਹੀ ਹੋ ਜਾਂਦੀ ਹੈ। ਕਿਸੇ ਇਕ ਯੋਗ ਗੁਰਮੁਖ ਨੂੰ ਸੰਗਤ ਵਲੋਂ ਅਰਦਾਸ ਉਚਾਰਨ ਦੀ ਸੇਵਾ ਸੌਂਪ ਦੇਈ ਦੀ ਹੈ। ਉਹ ਗਲ ਵਿਚ ਪੱਲਾ ਪਾ ਕੇ ਸੰਗਤ ਵਲੋਂ ਅਰਦਾਸ ਉਚਾਰਦਾ ਹੈ। ਸੰਗਤ ਉਸ ਉਚਾਰ ਨੂੰ ਧਿਆਨ ਨਾਲ ਸੁਣਦੀ ਹੋਈ ਸੁਰਤ ਰਾਹੀਂ ਸਤਿਗੁਰਾਂ ਦੇ ਦਰਬਾਰ ਵਿਚ ਭੇਟਾ ਕਰਦੀ ਹੈ।

ਅਰਦਾਸੀਏ ਦੀ ਸ਼ੈਲੀ ਗੁਰਮਤਿ ਅਨੁਸਾਰ ਅਤੇ ਰਵਾਨਗੀ (ਰਫਤਾਰ) ਨਾ ਬਹੁਤੀ ਤੇਜ਼ ਅਤੇ ਨਾ ਬਹੁਤੀ ਹੌਲੀ ਹੋਣੀ ਚਾਹੀਦੀ ਹੈ ਤਾਂ ਜੋ ਸੰਗਤ ਨੂੰ ਅਰਦਾਸ ਦੇ ਭਾਵ ਅਰਥ ਸੌਖੇ ਸਮਝ ਆਉਂਦੇ ਰਹਿਣ। ਸੰਗਤ ਦਾ ਫਰਜ਼ ਹੁੰਦਾ ਹੈ ਕਿ ਅਰਦਾਸੀਏ ਵਲੋਂ, ਸੰਗਤਾਂ ਪ੍ਰਤੀ ਜਦੋਂ ਆਦੇਸ਼ ਆਵੇ ਕਿ "...... ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ" ਤਾਂ ਸੰਗਤ ਇਸ ਦਿਤੇ ਸੰਕੇਤ ਅਨੁਸਾਰ ਸਿਦਕ ਨਾਲ "ਵਾਹਿਗੁਰੂ" ਸ਼ਬਦ ਉਚਾਰਨ ਕਰੇ ਤਾਂ ਜੋ ਇਸ ਉਚਾਰਨ ਦੀ ਸਰੋਤ ਅਰਦਾਸੀਏ ਨੂੰ ਵੀ ਸੁਣੇ। ਇੰਜ ਅਰਦਾਸ ਉਚਾਰਨ ਵਾਲੇ ਮੁਖੀ ਅਤੇ ਸੰਗਤਾਂ ਦੇ ਧਿਆਨ ਦਾ ਤਾਲਮੇਲ ਬਣਿਆ ਰਹਿੰਦਾ ਹੈ। ਜੇ ਸੰਗਤਾਂ ਵਲੋਂ 'ਵਾਹਿਗੁਰੂ' ਸ਼ਬਦ ਦਾ ਉਚਾਰਨ ਢਿਲਾ ਮੱਠਾ ਹੋਵੇ ਤਾਂ ਅਰਦਾਸੀਏ ਦੀ ਸੁਰਤ ਵਿਚ ਅਟਕ ਪੈ ਸਕਦੀ ਹੈ।

ਪੰਥਕ ਅਰਦਾਸ ਦੇ ਦੋ ਜਾਂ ਤਿੰਨ ਮੁਖ ਭਾਗ ਹਨ। ਪਹਿਲੇ ਭਾਗ ਵਿਚ , ਸੰਗਤ ਆਪਣੇ ਗੁਰਦੇਵ ਅਕਾਲ ਪੁਰਖ ਨੂੰ ਯਾਦ ਕਰਕੇ, ਸੁਰਤ ਵਿਚ ਉਸਦਾ ਦਰਬਾਰ ਸਜਾਉਂਦੀ ਹੈ। ਇਸ ਦਰਬਾਰ ਵਿਚ ਸੰਗਤਾਂ ਬੇਨਤੀਆਂ ਕਰਦੀਆਂ ਹਨ ਅਤੇ ਦੂਸਰੇ ਮੁੱਖ ਭਾਗ ਵਿਚ ਪੰਥ ਦੀਆਂ ਲੋੜਾਂ ਅਰਦਾਸਾਂ ਆਦਿ ਗੁਰਦੇਵ ਦੇ ਦਰਬਾਰ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ।

ਪਹਿਲੇ ਭਾਗ ਨੂੰ ਨਿਭਾਉਂਦੇ ਹੋਏ, ਪ੍ਰਥਮ (ਪਹਿਲੋਂ) ਅਕਾਲ ਪੁਰਖ ਦੀ ਸ਼ਕਤੀ, ਜਿਸਨੂੰ ਦਸਮ ਪਾਤਸ਼ਾਹ ਨੇ ਭਗਉਤੀ ਦਾ ਨਾਮ ਦਿਤਾ ਹੈ, ਨੂੰ ਸਿਮਰਦੇ ਹੋਏ ਆਪਣੇ ਗੁਰਦੇਵ ਸਾਹਿਬ ਸ੍ਰੀ 'ਗੁਰੂ ਨਾਨਕ ਦੇਵ ਜੀ' ਨੂੰ ਧਿਆਉਂਦੇ ਹਾਂ। ਫੇਰ ਆਪਣੇ ਗੁਰਦੇਵ ਦੀਆਂ ਨੌਂ ਪਾਤਸ਼ਾਹੀਆਂ ਤਕ, ਸਭ ਨੂੰ ਇਕ ਜੋਤ ਜਾਣਦੇ ਹੋਏ ਉਨ੍ਹਾਂ ਦੇ ਸੰਸਾਰਕ ਨਾਮ ਉਚਾਰਦੇ ਹੋਏ ਸਾਹਿਬ ਸ੍ਰੀ ਗੁਰੂ 'ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ, ਸਭ ਥਾਈ ਹੋਇ ਸਹਾਇ' ਦਾ ਉਚਾਰ ਕਰਕੇ, ਯਾਦ ਕਰਦੇ ਹਾਂ। ਇਹ ਅਖਰ ਉਹ ਹਨ ਜਿਨ੍ਹਾਂ ਦੁਆਰਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਭਗਉਤੀ ਦੀ ਵਾਰ' ਦੀ ਪਹਿਲੀ ਪਉੜੀ ਵਿਚ, ਆਪਣੇ ਤੋਂ ਪਹਿਲੋਂ ਹੋ ਚੁੱਕੀਆਂ ਨੌਂ ਪਾਤਸ਼ਾਹੀਆਂ ਨੂੰ ਧਿਆਇਆ ਹੈ। ਇਸ ਅਰਦਾਸ ਦਾ ਅਗਲਾ ਵੇਰਵਾ ਗੁਰਬਾਣੀ ਦੇ ਅਖਰਾਂ ਰਾਹੀਂ ਨਹੀਂ ਹੈ। ਅਗਲਾ ਉਚਾਰਨ ਪੰਥ ਦੀ ਆਪਣੀ ਰਚੀ ਬਾਣੀ ਹੈ। ਅਰਦਾਸ ਕਰਨ ਵਾਲੇ ਮੁਖੀ ਪੰਥਕ ਬੋਲੀ ਵਿਚ 'ਸਾਹਿਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਨੂੰ ਯਾਦ ਕਰਾਉਂਦੇ ਹੋਏ ਉਨ੍ਹਾਂ ਨੂੰ 'ਸਭ ਥਾਈਂ ਸਹਾਇ' ਹੋਣ ਦੀ ਅਪੀਲ ਕਰਦੇ ਹਨ। ਜਿਸ ਦਰਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ (ਅਥਵਾ ਸੁਰਤ ਰਾਹੀਂ) ਅਰਦਾਸ ਹੋ ਰਹੀ ਹੁੰਦੀ ਹੈ, ਉਸ ਬਾਰੇ ਅਰਦਾਸੀਏ ਚੌਰ ਤਖਤ ਦੇ ਮਾਲਕ 'ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ', ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ, ਦਰਸ਼ਨ ਦੀਦਾਰ' ਵਲ ਸੰਗਤਾਂ ਦਾ ਧਿਆਨ ਦਿਵਾਉਂਦੇ ਹਨ ਅਤੇ ਖਾਲਸਾ ਜੀ ਨੂੰ ਆਖਦੇ ਹਨ ਕਿ 'ਬੋਲੋ ਜੀ ਵਾਹਿਗੁਰੂ'। ਪ੍ਰਥਮ ਭਗਉਤੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀਦਾਰਿਆਂ ਤਕ ਸਾਡੇ ਸਤਿਗੁਰਾਂ ਦਾ ਅਤਿ ਊਚਾ ਤਾਕਾ ਦਰਬਾਰਾ" ਹੈ ਜਿਸ ਅਗੇ ਸੰਗਤ ਅਰਦਾਸ ਕਰ ਰਹੀ ਹੁੰਦੀ ਹੈ। ਫੇਰ ਸਤਿਗੁਰੂ ਦੇ ਦਰਬਾਰ ਵਿਚ ਚਾਰ ਸਾਹਿਬ ਜ਼ਾਦਿਆਂ, ਪੰਜਾਂ ਪਿਆਰਿਆਂ, ਚਾਲੀ ਮੁਕਤਿਆਂ ਨੂੰ ਯਾਦ ਕਰੀਦਾ ਹੈ। ਉਪਰੰਤ ਹੋਰ ਗੁਰੂ ਘਰ ਦੇ ਹੋ ਚੁੱਕੇ ਅਨੇਕਾਂ ਸ਼ਹੀਦਾਂ, ਮੁਰੀਦਾਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਦੇਗ ਚਲਾਈ ਤੇ ਤੇਗਾਂ ਵਾਹੀਆਂ ਹਨ; ਅਕਹਿ ਅਸਹਿ ਕਸ਼ਟ ਸਹੇ ਹਨ; ਤਨ ਆਰਿਆਂ ਨਾਲ ਚਿਰਵਾਇਆ ਹੈ; ਚਰਖੜੀਆਂ ਤੇ ਚੜ੍ਹੇ ਹਨ; ਗੁਰਦੁਆਰਿਆਂ ਦੀ ਸੇਵਾ ਕੀਤੀ ਹੈ; ਅਤੇ ਗੁਰੂ ਘਰ ਦਾ ਸਿਦਕ ਅੰਤਮ ਸਵਾਸਾਂ ਤਕ ਕੇਸਾਂ ਸਹਿਤ ਨਿਭਾਇਆ ਹੈ, ਆਦਿਕ ਸਭ ਸ਼ਹੀਦ ਹੋ ਚੁੱਕੇ ਗੁਰੂ ਘਰ ਦੇ ਪਰਵਾਨਿਆਂ ਨੂੰ ਯਾਦ ਕਰਕੇ ਉਨ੍ਹਾਂ ਦੀ ਹਾਜ਼ਰੀ ਭੀ ਗੁਰੂ ਦਰਬਾਰ ਵਿਚ ਲਗਵਾਈ ਦੀ ਹੈ। ਸੂਖਮ ਬਿਰਤੀ ਨਾਲ ਦੇਖਿਆ ਜਾਏ ਤਾਂ ਇਹ ਸਭ ਗੁਪਤ ਤੇ ਪਰਗਟ ਸ਼ਹੀਦ ਭੀ ਗੁਰੂ ਦੇ ਅਧੀਨ ਹੋ, ਸਤਿਗੁਰੂ ਦੇ ਦਰਬਾਰ ਦੇ ਅੰਗ ਹੀ ਹੋ ਦਿਸਦੇ ਹਨ, ਜਿਸ ਅਗੇ ਸੰਗਤ ਅਰਦਾਸ ਕਰ ਰਹੀ ਹੁੰਦੀ ਹੈ। ਇਨ੍ਹਾਂ ਦੀ ਸੂਚੀ ਬਹੁਤ ਲੰਬੀ ਹੋਣ ਕਾਰਨ ਅਰਦਾਸੀਏ ਇਸ ਨੂੰ ਆਮ ਤੌਰ ਤੇ ਦੋ ਪਰਕਰਨਾਂ ਵਿਚ ਵੰਡ ਲੈਂਦੇ ਹਨ ਅਤੇ ਇਨ੍ਹਾਂ ਦੀ ਯਾਦ ਕਰਾਉਂਦੇ ਹੋਏ ਸੰਗਤ ਨੂੰ ਆਦੇਸ਼ ਦੇਂਦੇ ਹਨ ਕਿ 'ਇਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ'।

ਅਰਦਾਸ ਦਾ ਅਗਲਾ ਭਾਗ ਸ਼ੁਰੂ ਕਰਨ ਤੋਂ ਪਹਿਲਾਂ ਸੰਗਤ ਸਰਬ ਗੁਰਦਵਾਰਿਆਂ ਅਤੇ ਗੁਰੂ ਤਖਤਾਂ ਵਲ ਧਿਆਨ ਕਰਦੀ ਹੈ। ਸੁਰਤ ਵਿਚ ਇਨ੍ਹਾਂ ਅਸਥਾਨਾਂ ਦੀ ਧੂੜੀ ਵੀ ਮਸਤਕ ਤੇ ਲਗਾ ਲਈਦੀ ਹੈ ਅਤੇ ਅਰਦਾਸੀਏ ਵਲੋਂ ਆਦੇਸ਼ ਆਉਂਦਾ ਹੈ ਕਿ "ਇਨ੍ਹਾਂ ਗੁਰਧਾਮਾਂ, ਗੁਰ ਤਖਤਾਂ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ।"

ਉਪਰੋਕਤ ਸਜੇ ਦਰਬਾਰ ਅਗੇ ਹੁਣ ਅਰਦਾਸ ਦਾ ਦੂਸਰਾ ਮੁਖ ਭਾਗ, ਜਿਸ ਵਿਚ ਪੰਥ ਹਿਤ ਮੰਗਾਂ ਮੰਗੀ ਦੀਆਂ ਹਨ, ਆਰੰਭ ਹੁੰਦਾ ਹੈ। ....... ਸਭ ਤੋਂ ਪਹਿਲਾਂ ਸਰਬਤ ਖਾਲਸਾ ਕੀ ਅਰਦਾਸ ਹੁੰਦੀ ਹੈ ਕਿ ਸਰਬਤ ਖਾਲਸੇ ਕੋ ਨਾਮ ਚਿਤ ਆਵੈ ਆਦਿ ਮੰਗੀਂਦਾ ਹੈ। ਸਭ ਥਾਈਂ ਖਾਲਸੇ ਲਈ ਸਹਾਇਤਾ, ਰਖਿਆ ਅਤੇ ਰਿਆਇਤ ਭੀ ਮੰਗ ਲਈ ਦੀ ਹੈ। ਪੰਥ ਦੀ ਜੀਤ ਲਈ ਬੇਨਤੀ ਅਤੇ ਸ੍ਰੀ ਸਾਹਿਬ ਦੀ ਸਹਾਇਤਾ ਆਦਿ ਸਾਡੀਆਂ ਮੰਗਾਂ ਦੀ ਸੂਚੀ ਵਿਚ ਹਨ। ਸਾਰੀ ਸਿਖ ਸੰਗਤ ਲਈ ਸਿਖੀ ਦਾਨ, ਭਰੋਸਾ ਦਾਨ, ਬਿਬੇਕ ਬੁੱਧੀ (ਸ਼ੁਭ ਵਿਚਾਰਾਂ) ਦਾ ਦਾਨ, ਦਾਨਾ ਸਿਰ ਦਾਨ, ਨਾਮ ਦਾਨ ਅਤੇ ਹੋਰ ਅਨੇਕਾਂ ਮੰਗਾਂ ਪੰਥ ਵਾਸਤੇ ਸੰਖੇਪ ਕਰਕੇ ਮੰਗੀ ਦੀਆਂ ਹਨ। ਇਨ੍ਹਾਂ ਦੀ ਲਿਸਟ ਭੀ ਲੰਬੀ ਹੁੰਦੀ ਹੈ ਜਿਸ ਕਾਰਨ ਇਨ੍ਹਾਂ ਨੂੰ ਭੀ ਦੋ ਤਿੰਨ ਪਰਕਰਨਾਂ ਵਿਚ ਵੰਡ ਕੇ ਉਚਾਰਿਆ ਜਾਂਦਾ ਹੈ। ਸੰਗਤ ਨੂੰ ਸੰਘਠਤ ਰਖਣ ਹਿਤ ਅਰਦਾਸੀਏ ਜੀ ਵਲੋਂ ਆਦੇਸ਼ ਆਉਂਦੇ ਹਨ ਕਿ "ਖਾਲਸਾ ਜੀ ਕੇ ਬੋਲ ਬਾਲੇ (ਬੋਲ ਉਚੇ ਤੇ ਸੁਚੇ ਹੋਵਨ) ਬੋਲੋ ਜੀ ਵਾਹਿਗੁਰੂ।" ਇਤਆਦਿਕ।

ਜੇ ਕਿਸੇ ਗੁਰਮੁਖ ਨੇ ਆਪਣੀ ਸੰਸਾਰਕ ਜਾਂ ਘਰੇਲੂ ਮੰਗ ਸੰਗਤ ਪਾਸੋਂ ਕਰਵਾਉਣੀ ਹੋਵੇ ਤਾਂ ਉਹ ਤੀਸਰੇ ਭਾਗ ਵਿਚ, ਸਤਿਗੁਰਾਂ ਦੇ ਦਰਬਾਰ ਵਿਚ ਪੇਸ਼ ਹੋ ਜਾਂਦੀ ਹੈ। ਸੰਗਤ ਭੀ ਇਸ ਵਿਚ ਧਿਆਨ ਨਾਲ ਸ਼ਾਮਲ ਹੁੰਦੀ ਹੈ/ਹੋਣੀ ਚਾਹੀਦੀ ਹੈ। ਸੰਗਤ ਨੂੰ "ਸਤਿ ਸ੍ਰੀ ਅਕਾਲ ਪੁਰਖ ਦਾ ਧਿਆਨ" ਧਰਾਉਂਦੇ ਹੋਏ ਅਰਦਾਸ ਦੇ ਮੁਖੀ, ਸੰਗਤਾਂ ਨੂੰ 'ਵਾਹਿਗੁਰੂ ਸ਼ਬਦ ਉਚਾਰਨ ਦਾ ਆਦੇਸ਼ ਦੇਂਦੇ ਹਨ।

ਸਾਡੇ ਵਿਰਸੇ ਵਿਚ ਅਰਦਾਸ ਦੀ ਸਮਾਪਤੀ ਤੇ ਨਾਨਕ ਨਾਮ ਦੀ ਮੰਗ ਹੈ, ਚੜ੍ਹਦੀ ਕਲਾ ਲਈ ਬੇਨਤੀ ਹੈ ਅਤੇ ਤੇਰੇ ਭਾਣੇ ਅੰਦਰ 'ਸਰਬਤ ਦੇ ਭਲੇ' ਲਈ ਅਰਜ਼ੋਈ ਹੈ। ਗੁਰਦੇਵ ਦੇ ਸਮੁੱਚੇ ਦਰ, ਜੋ 'ਅਤਿ ਊਚਾ ਤਾਕਾ ਦਰਬਾਰਾ' ਹੈ, ਨੂੰ ਸੁਰਤ ਵਿਚ ਪਕਿਆ ਕੇ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੀ ਹੈ। ਫੇਰ ਖੜ੍ਹੇ ਹੋਕੇ, ਹੱਥ ਜੋੜ ਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਦੀ ਸਾਂਝ ਕਰਦੀ ਹੈ।

ਹੁਣ ਟੁਟ ਰਹੇ ਵਿਰਸੇ ਦੀ ਗੱਲ ਸਾਂਝੀ ਕਰਦੇ ਹਾਂ। ਅੱਜਕਲ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਅਰਦਾਸੀਏ "ਬੋਲੋ ਜੀ ਵਾਹਿਗੁਰੂ" ਦਾ ਪੂਰਾ ਆਦੇਸ਼ ਹੀ ਨਹੀਂ ਦੇਂਦੇ। ਕੇਵਲ ਇਤਨਾ ਕਹਿ ਦੇ ਕਿ ".... ਦਾ ਧਿਆਨ ਧਰ ਕੇ , ਖਾਲਸਾ ਜੀ ਬੋਲੋ ਜੀ"! ਅਗੋਂ ਚੁਪ ਕਰ ਜਾਂਦੇ ਹਨ। ਕੀ ਬੋਲੋ ਜੀ? ਇਹ ਆਖਦੇ ਹੀ ਨਹੀਂ। ਸੰਗਤ ਆਪਣੀ ਪਹਿਲੋਂ ਦੀ ਬਣੀ ਜਾਣਕਾਰੀ ਦੇ ਸੁਭਾਅ ਅਨੁਸਾਰ "ਵਾਹਿਗੁਰੂ" ਸ਼ਬਦ ਆਪੇ ਹੀ ਉਚਾਰਨ ਕਰ ਲੈਂਦੀ ਹੈ। ਕੁਝ ਅਰਦਾਸੀਏ ਜੇ 'ਵਾਹਿਗੁਰੂ' ਉਚਾਰਨ ਦਾ ਪੂਰਾ ਸੰਕੇਤ ਦੇਣ ਭੀ ਤਾਂ "ਬੋਲੋ ਜੀ" ਅਤੇ "ਵਾਹਿਗੁਰੂ" ਸ਼ਬਦ ਦੇ ਵਿਚਕਾਰ ਐਨੀ ਲੰਬੀ ਹੇਕ ਲਗਾਉਂਦੇ ਹਨ ਕਿ ਸੰਗਤ ਉਨ੍ਹਾਂ ਦੇ ਸੰਕੇਤ ਉਚਾਰਨ ਤੋਂ ਪਹਿਲਾਂ ਹੀ "ਵਾਹਿਗੁਰੂ" ਉਚਾਰ ਲੈਂਦੀ ਹੈ। ਇੰਜ ਦੇ ਨਵੇਂ ਰਵਾਜ ਅਨੁਸਾਰ ਸਾਡੀ ਪੁਰਾਤਨ ਪਰੰਪਰਾ ਦੀ ਉਲੰਘਣਾ ਹੋ ਰਹੀ ਹੈ।

ਅੰਮ੍ਰਿਤ ਛਕਾਉਣ ਸਮੇਂ, ਅੰਮ੍ਰਿਤ ਅਭਿਲਾਸ਼ੀ ਨੂੰ ਪੰਜ ਚੁਲੇ ਅੰਮ੍ਰਿਤ ਪੀਣ ਲਈ ਦਿਤੇ ਜਾਂਦੇ ਹਨ, ਪੰਜ ਛਿਟੇ ਉਸ ਦੇ ਨੇਤਰਾਂ ਵਿਚ ਮਾਰੇ ਜਾਂਦੇ ਹਨ ਅਤੇ ਪੰਜ ਵਾਰੀ ਅੰਮ੍ਰਿਤ ਦਾ ਸੰਚਾਰ ਉਸਦੇ ਕੇਸਾਂ ਵਿਚ ਕੀਤਾ ਜਾਂਦਾ ਹੈ। ਹਰ ਇਕ ਕਿਰਿਆ ਦੇ ਨਾਲ ਨਾਲ ਉਸ ਨੂੰ, ਪੰਜਾਂ ਪਿਆਰਿਆਂ ਦਾ ਹੁਕਮ ਮਿਲਦਾ ਹੈ ਕਿ 'ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ'। ਇਹ ਹੁਕਮ ਸੁਣ ਕੇ ਅੰਮ੍ਰਿਤ ਛਕਣ ਵਾਲਾ, ਉਨ੍ਹਾਂ ਦੇ ਮਗਰ ਮਗਰ, 15 ਵਾਰੀ ਪੂਰਨ ਫਤਹਿ ਗਜਾਉਂਦਾ ਹੈ। ਜੇ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇ ਤਾਂ ਉਸ ਕਮਰੇ ਵਿਚ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦੀਆਂ ਗੂੰਜਾਂ ਉਠਦੀਆਂ ਰਹਿੰਦੀਆਂ ਹਨ।

ਉਪਰੋਕਤ ਲਿਖੀ ਧਾਰਨਾ ਸਾਡੀ ਅਰਦਾਸ ਕਿਰਿਆ ਵਿਚ ਵੀ ਪਰਚਲਤ ਸੀ। ਪਹਿਲੋਂ ਅਰਦਾਸੀਏ ਵਲੋਂ ਆਦੇਸ਼ ਆਉਂਦਾ ਸੀ ਕਿ'... ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ' ਅਤੇ ਸੰਗਤ ਇਸਨੂੰ ਸੁਣਕੇ ਮਗਰੋਂ 'ਵਾਹਿਗੁਰੂ' ਸ਼ਬਦ ਉਚਾਰਨ ਕਰਦੀ ਸੀ। ਹੁਣ ਏਸ ਪਰੰਪਰਾ ਵਿਚ ਤ੍ਰੇੜ ਪੈ ਰਹੀ ਹੈ। ਨਾ ਤਾਂ ਅਰਦਾਸ ਕਰਨ ਵਾਲੇ ਪੂਰਾ ਆਖਦੇ ਹਨ ਕਿ '... ਬੋਲੋ ਜੀ ਵਾਹਿਗੁਰੂ' ਅਤੇ ਅਗੋਂ ਸੰਗਤ ਭੀ ਬਗੈਰ ਸੁਣੇ ਹੀ ਉਤਾਵਲੇਪਣ ਵਿਚ 'ਵਾਹਿਗੁਰੂ' ਸ਼ਬਦ ਉਚਾਰਨ ਦੀ ਪਹਿਲ ਜਾਂ ਬਰਾਬਰੀ ਕਰ ਜਾਂਦੀ ਹੈ। ਇਹ ਠੀਕ ਹੈ ਕਿ ਅਰਦਾਸੀਏ ਦਾ ਰੁਤਬਾ ਪੰਜਾਂ ਪਿਆਰਿਆਂ ਵਾਲਾ ਤਾਂ ਨਹੀਂ ਹੁੰਦਾ ਪਰ ਉਸਨੂੰ ਦਿਤੀ ਹੋਈ ਸੇਵਾ ਮੁਖੀ ਹੋ ਕੇ ਨਿਭਾਉਣੀ ਚਾਹੀਦੀ ਹੈ। ਸੰਗਤਾਂ ਨੂੰ ਭੀ ਇਹੀ ਚਾਹੀਦਾ ਹੈ ਕਿ ਅਰਦਾਸੀਏ ਨੂੰ ਪੂਰਾ ਸਹਿਯੋਗ ਦੇਕੇ ਉਸਦੇ ਆਦੇਸ਼ ਨੂੰ ਪੂਰਾ ਸੁਣਨ ਤੇ ਮੰਨਣ।

ਇੰਜ ਹੋ ਰਹੀ ਪੰਥਕ ਅਰਦਾਸ ਦਾ ਵਾਤਾਵਰਣ ਵਧੇਰੇ ਰਸ ਮਈ ਅਤੇ ਸੁਹਾਵਣਾ ਹੋ ਜਾਂਦਾ ਹੈ। ਕਰਕੇ ਵੇਖ ਲਵੋ। ਕੋਈ ਭੁਲ ਚੁਕ ਹੋਵੇ ਤਾਂ ਮੁਆਫ ਕਰ ਦੇਣਾ ਜੀ।

# ਚਾਨਣ ਦੀਆਂ ਇੱਟਾਂ

ਪ੍ਰਭ ਦੇ ਦਰ ਲਈ
ਸੱਚ-ਖੰਡ ਦੀ ਧਰਤੀ ਉੱਤੇ
ਸ਼ਬਦ-ਸੰਗੀਤ ਦੀ ਧੁਨ ਅਲਾਪਣ
ਚਾਰ ਬੂਹੇ
ਚਹੁੰ-ਕੂੰਟੀਂ ਖੁੱਲ੍ਹਣ
ਨਿੱਕੇ-ਵੱਡੇ
ਰਾਉ-ਰੰਕ ਲਈ
ਕੌਣ ਅਦੁੱਤੀ
ਵੱਡ-ਪੁਰਖ ਸਨੇਹੀ
ਜੋ ਆਪਣੇ ਹੱਥੀਂ
ਹਰਿ-ਮੰਦਰ ਦੇ ਨੀਂਹ ਪੱਥਰ ਲਈ
ਚਾਨਣ ਦੀਆਂ ਇੱਟਾਂ ਰੱਖੇ।

ਗੁਰੂ ਅਰਜਨ
ਪੰਚਮ ਜੋਤ ਨਾਨਕ ਦੀ
ਬੈਠ ਸਮਾਧੀ
ਸੋਚਣ ਲੱਗੀ:

ਸੁਣ ਸੰਦੇਸ਼ੜਾ
ਗੁਰਾਂ ਦਾ ਕੰਨੀਂ
ਤੁਰ ਪਏ ਕਦਮ
ਅਦਬ ਨਾਲ ਸੁੱਚੜੇ।
ਉਹ ਸੀ
ਪ੍ਰਭੂ ਪਿਆਰਾ
ਕਹਿੰਦੇ ਜਿਸ ਨੂੰ
ਮੀਆਂ ਮੀਰ ਧਰਮੀ ਇਸਲਾਮੀ,
ਦੈਵੀ-ਚਿੰਤਨ ਵਾਲਾ
ਗਹਿਰ-ਗੰਭੀਰ ਗਿਆਨੀ।
ਬੁੱਧ-ਬਿਬੇਕ
ਤਪੱਸਵੀ-ਸੂਫ਼ੀ
ਇਲਮ-ਫਜ਼ਲ ਦਾ ਚਸ਼ਮਾ ਨਿਰਮਲ
ਹਿਰਦੇ ਵਿੱਚ ਨੂਰੀ ਲਿਸ਼ਕਾਰਾ
ਸ਼ੁੱਧ ਸਵੱਛ-ਸ਼ਬਦਾਂ ਦਾ ਯੋਗੀ
ਮੱਥਾ ਖਿੜਵੇਂ ਫੁੱਲਾਂ ਵਰਗਾ
ਸਿਰ ਦਸਤਾਰ ਸਿਆਣਪਾਂ ਵੰਡਦੀ
ਨੈਣੀਂ-ਨਾਮ ਖੁਮਾਰੀ ਛਲ ਕੇ।
ਨਿਰਭਉ-ਨਿਰਵੈਰੁ ਸੋਚ ਦਾ ਜਾਇਆ
ਪਿੰਡੇ ਖੁਦਾ-ਕਰੀਮ ਦਾ ਓਢਣ
ਬੋਲਾਂ ਵਿੱਚ ਇਲਾਹੀ ਸ਼ਕਤੀ
ਪਾਕ-ਪਵਿੱਤਰ ਕੰਚਨ ਕਾਇਆ।

ਮੰਨ ਕੇ ਹੁਕਮ
ਗੁਰ-ਮਿੱਤਰ ਦਾ
ਕਰ ਇਬਾਦਤ
ਆਤਮ-ਦੇਵ ਫ਼ਕੀਰ ਮੀਆਂ ਨੇ
ਆਪਣੇ ਕਰ-ਕਰਤਾਰੀਂ
ਹਰਿ-ਮੰਦਰ ਦੀ ਨੀਂਹ ਰੱਖ ਦਿੱਤੀ।

ਇੱਕ ਵਿਲੱਖਣ ਕਾਰਜ ਹੋਇਆ
ਧਰਮ-ਦੋਸਤੀ ਇੱਕ-ਮਿੱਕ ਹੋਏ
ਪੂਰਬ-ਪੱਛਮ ਸਾਂਝੇ ਹੋਏ
ਧਰਮ-ਨਿਰਪੇਖ ਦੀਆਂ ਕਿਰਨਾਂ ਵੰਡਣ
ਮੰਦਰ-ਤਾਲ ਸੁਸ਼ੋਭਤ ਹੋਏ।

"ਅਵਲਿ ਅਲਹ ਨੂਰ ਉਪਾਇਆ
ਕੁਦਰਤਿ ਕੇ ਸਭ ਬੰਦੇ।"
ਜਗਮਗ-ਜਗਮਗ ਸਿਫਤੀ ਦਾ ਘਰੁ
ਕੁੱਲ ਆਲਮ ਨੂੰ ਚਾਨਣ ਵੰਡੇ!!

*(ਨਵੀਂ ਛਪੀ ਪੁਸਤਕ 'ਅਗੰਮ ਅਗੋਚਰ' 'ਚੋਂ)*

ਮਨਮੋਹਨ ਸਿੰਘ ਦਾਊਂ
280, ਫੇਜ਼ 6, ਮੁਹਾਲੀ 160 055

# ਕਿਸ ਪਹਿ ਖੋਲ੍ਹ ਗੰਠੜੀ

ਬਬਲੀ ਐਸ ਸਿੰਘ
35/1ਬੀ, ਮਾਡਲ ਗਰਾਮ
ਲੁਧਿਆਣਾ

ਇਕ ਦਿਨ ਕੋਈ ਗੁਰਮੁਖ ਸੱਜਣ ਇਕ ਗੁਰਸਿਖ ਬਜ਼ੁਰਗ ਨੂੰ ਨਾਲ ਲੈ ਕੇ ਘਰ ਘਰ ਬੂਹਾ ਖੜਕਾਂਦੇ ਫਿਰਦੇ ਫਿਰਦੇ ਸਾਡੇ ਬੂਹੇ ਤੇ ਆ ਪਹੁੰਚੇ। ਕਾਲਬੈਲ ਵੱਜੀ ਮੈਂ ਬਾਹਰ ਆਈ। ਗੇਟ ਦੇ ਬਾਹਰ 5-6 ਸੱਜਣ ਖੜੇ ਸਨ। ਉਨ੍ਹਾਂ ਬੜੀ ਗੱਜ ਕੇ ਫਤਹਿ ਬੁਲਾਈ। ਫਿਰ ਕਹਿਣ ਲੱਗੇ ਬੇਟਾ ਜੀ ਜਰਾ ਬਾਹਰ ਆਓ। ਮੈਂ ਪੁੱਛਿਆ ਦੱਸੋ ਜੀ? ਜਵਾਬ ਮਿਲਿਆ ਨਹੀ ਬੀਬਾ ਜੀ ਤੁਸੀਂ ਬਾਹਰ ਆਓ। ਮਹਾਂ ਪੁਰਖ ਚਲਕੇ ਆਪ ਆਏ ਨੇ ਤੁਹਾਨੂੰ ਦਰਸ਼ਨ ਦੇਣ ਤੁਸੀਂ ਭਾਗਾਂ ਵਾਲੇ ਹੋ। ਆਓ ਦਰਸ਼ਨ ਕਰੋ। ਮੈਂ ਗੇਟ ਖੋਲਕੇ ਬਾਹਰ ਆਈ। ਮਹਾਂਪੁਰਸ਼ਾਂ ਵੱਲ ਇਕ ਨਜ਼ਰ ਮਾਰੀ ਤੇ ਪੁੱਛਿਆ 'ਹਾਂਜੀ ਦਸੋ ਜੀ! ਮੈ ਆਪ ਲਈ ਕੀ ਕਰ ਸਕਦੀ ਹਾਂ? ਦੂਸਰੇ ਸੱਜਣ ਬੋਲੇ 'ਨਹੀਂ ਬੇਟਾ ਇੰਝ ਨਹੀ ਝੁਕ ਕੇ ਬਾਬਾ ਜੀ ਦੇ ਚਰਨ ਛੂਹੋ ਚਰਨ ਧੂੜ ਮਥੇ ਤੇ ਲਾਓ ਬੜੇ ਪਹੁੰਚੇ ਹੋਏ ਮਹਾਂ ਪੁਰਸ਼ ਨੇ। ਮੈਂ ਨਿਮਰਤਾ ਨਾਲ ਕਿਹਾ 'ਮੈਂ ਬਾਬਾ ਜੀ ਨੂੰ ਨਮਸਕਾਰ ਜ਼ਰੂਰ ਕਰਾਂਗੀ ਕਿਉਂਕਿ ਇਹ ਬਜ਼ੁਰਗ ਹਨ ਪਰ ਮੱਥਾ ਨਹੀਂ ਟੇਕਾਂਗੀ। ਮੱਥਾ ਮੈਂ ਸਿਰਫ ਗੁਰੂ ਗ੍ਰੰਥ ਸਾਹਿਬ ਅੱਗੇ ਟੇਕਦੀ ਹਾਂ ਜੀ।' ਸੱਜਣ ਥੋੜਾ ਜਿਹਾ ਹਿਲ ਗਏ। ਫਿਰ ਹੌਂਸਲਾ ਕਰਕੇ ਬੋਲੇ "ਬੇਟਾ! ਇਹ ਮਹਾਂਪੁਰਸ਼ ਗੁਰੂ ਮਹਾਰਾਜ ਤੱਕ ਪਹੁੰਚੇ ਹੋਏ ਨੇ। ਬੇਟਾ ਚਰਨ ਛੂਹ ਲੋ ਅਸ਼ੀਰਵਾਦ ਦੇਣਗੇ।, ਮੈਂ ਫਿਰ ਦ੍ਰਿੜਤਾ ਨਾਲ ਨਾਂਹ ਕਰ ਦਿੱਤੀ ਤੇ ਕਿਹਾ 'ਤੁਸੀਂ ਇਹ ਦੱਸੋ ਤੁਸੀ ਕਿਸ ਤਰ੍ਹਾਂ ਦਰਸ਼ਨ ਦਿੱਤੇ ਨੇ?' ਮਹਾਂਪੁਰਖ ਬੜੀ ਹੀ ਡੂੰਘੀ ਮੁਸਕਰਾਹਟ ਨਾਲ ਬੋਲੇ 'ਅਸੀਂ ਗੁਰੂ ਕੀ ਕਾਸ਼ੀ ਵਿਚ ਲੰਗਰ ਚਲਾ ਰਹੇ ਹਾਂ ਤੁਸੀਂ ਵੀ ਆਪਣਾ ਜਨਮ ਤੇ ਕਰਮ ਸਫਲੇ ਕਰੋ। ਮਹਾਂਪੁਰਖਾਂ ਦੇ ਚਰਨ ਛੂਹ ਦੇ ਦਸਵੰਧ ਕਢੋ ਤੇ ਜੋ ਇੱਛਾ ਹੈ ਮੰਗ ਲਵੋ ਪੂਰੀ ਹੋਏਗੀ ਮਹਾਰਾਜ ਬੜੇ ਕਰਨੀ ਵਾਲੇ ਨੇ।' ਮੈਂ ਦਿਲ ਵਿਚ ਸੋਚਿਆ ਮਹਾਰਾਜ ਕਰਨੀ ਵਾਲੇ ਨੇ ਤੇ ਘਰ ਘਰ ਜਾਕੇ ਮੰਗਣ ਦੀ ਥਾਂ ਤੇ ਕਰਨੀ ਦਿਖਾਕੇ ਲੰਗਰ ਇਕੱਠਾ ਕਿਉਂ ਨਹੀਂ ਕਰ ਲੈਂਦੇ। ਪਰ ਖੈਰ ਸਾਰੇ ਚੱਲ ਕੇ ਆਏ ਸਨ ਕੁਝ ਕਹਿ ਨਾ ਸਕੀ। ਅੰਦਰ ਆਈ11 ਰੁਪਏ ਲਏ ਤੇ ਆ ਕੇ ਉਨ੍ਹਾਂ ਨੂੰ ਦੇ ਦਿੱਤੇ। ਮਹਾਂਪੁਰਸ਼ ਬਹਿਸ ਕਰਨ ਲੱਗ ਪਏ 'ਬੇਟੀ ਇਹ ਕੀ ਅਸੀਂ ਤਾਂ 1100 ਦੀ ਉਮੀਦ ਲੈ ਕੇ ਆਏ।' ਅਸੀਂ 11 ਨਹੀਂ ਲੈਣੇ। ਮੈਂ ਗੇਟ ਤੇ 11 ਰੁਪਏ ਰੱਖ ਕੇ ਚੁਪਚਾਪ ਅੰਦਰ ਆ ਗਈ। ਅੰਦਰ ਆ ਕੇ ਸੋਚਦੀ ਰਹੀ ਕਿ ਸਾਡੀ ਕੌਮ ਇਤਨੀ ਗਿਰ ਕਿਉਂ ਗਈ ਹੈ। ਦਿਲ ਕੀਤਾ ਪੁਛਾਂ ਗੁਰੂ ਕੀ ਕਾਸ਼ੀ ਵਿਚ ਕੈਸਾ ਤੋਟਾ ਪੈ ਗਿਆ ਹੈ ਕਿ ਗੁਰਸਿੱਖਾਂ ਨੂੰ ਘਰ ਘਰ ਜਾ ਕੇ ਮੰਗਣਾ ਪੈ ਗਿਆ ਹੈ। ਇਹ so called ਗੁਰਮੁਖ ਕਿਉਂ ਧਰਮ ਦੇ ਨਾਮ ਤੇ ਡਰਾਮੇਬਾਜ਼ੀ ਕਰ ਕਰਕੇ ਪੈਸਾ ਬਣਾ ਰਹੇ ਹਨ ਤੇ ਕੌਮ ਨੂੰ ਬਦਨਾਮ ਕਰ ਰਹੇ ਹਨ। ਕੀ ਕੋਈ ਵੀ ਇਨ੍ਹਾਂ ਪਖੰਡੀ ਮਹਾਂਪੁਰਸ਼ਾਂ ਨੂੰ ਸਮਝਾ ਨਹੀਂ ਸਕਦਾ ਕਿ ਧਰਮ, ਪਾਠ ਤੇ ਲੰਗਰ ਦੇ ਨਾਮ ਤੇ ਬਿਜਨਸ ਨਾ ਕਰੋ ਆਪਣੀਆਂ ਜੇਬਾਂ ਭਰਕੇ ਕੂੜ ਨਾ ਕਮਾਓ।

ਇਵੇਂ ਹੀ ਇਕ ਸਰਦਾਰ ਜੀ ਨੇ ਬੜੀ ਹੀ ਸੋਹਣੀ ਗੁਰੂ ਕੀ ਕਾਸ਼ੀ ਦੀ ਐਲਬਮ ਬਣਾ ਕੇ ਚੁਕੀ ਹੋਈ ਹੈ ਤੇ ਨਾਲ ਹੀ ਘਰ ਘਰ ਜਾ ਕੇ ਗੁਰਦੁਆਰੇ ਦੀ ਬਣ ਰਹੀ ਨਵੀਂ ਬਿਲਡਿੰਗ ਲਈ ਚੰਦਾ ਇਕੱਠਾ ਕਰ ਰਹੇ ਹਨ। ਰਸੀਦਾਂ ਕੱਟ ਕੱਟ ਕੇ ਦਈ ਜਾਂਦੇ ਹਨ ਜਦੋਂ ਮੈਂ ਰਸੀਦ ਤੇ ਐਡਰੈਸ ਪੜ੍ਹਨ ਦੀ ਕੋਸ਼ਿਸ਼ ਕੀਤੀ ਕੱਖ ਪੱਲੇ ਨਾ ਪਿਆ। ਪੜ੍ਹੇ ਲਿਖੇ ਲੋਕ ਬੇਵਕੂਫ ਬਣ ਜਾਂਦੇ ਨੇ ਤੇ ਖੁਲੇ ਗੱਫੇ ਗੁਰਦੁਆਰੇ ਲਈ ਦਈ ਜਾਂਦੇ ਨੇ। ਉਹ ਗੁਰਮੁਖ 3-4 ਮਹੀਨੇ ਬਾਅਦ ਆ ਪਹੁੰਚਦੇ ਸਨ। ਇਕ ਦਿਨ ਮੈਂ ਵੀ ਡਟ ਗਈ ਤੇ ਮੈਂ ਕਿਹਾ 'ਤੁਸੀ ਆਪਣਾ ਨਾਮ ਦੱਸੋ ਤੇ Identity Card ਦਿਖਾਓ। ਮੈਂ ਅਖਬਾਰਾਂ ਲਈ ਲਿਖਦੀ ਹਾਂ। ਜਰਨਲਿਸਟ ਹਾਂ। ਤੁਹਾਡੇ ਬਾਰੇ ਤੇ ਤੁਹਾਡੀ

ਮਿਹਨਤ ਭਰੀ ਸੇਵਾ ਬਾਰੇ ਲਿਖਣਾ ਚਾਹੁੰਦੀ ਹਾਂ। ਹੁਣ ਭਰਾਜੀ ਦੇ ਬੋਲ ਕੰਬਣ। ਕੁਝ ਸੱਚ ਹੁੰਦਾ ਤਾਂ ਦੱਸਦਾ। ਮੈ ਵੀ ਅੜ ਗਈ। ਆਖਣ ਲੱਗਾ ਅੱਜ ਮੈਂ Identity Card ਕਮਰੇ ਵਿਚ ਭੁਲ ਆਇਆ ਕੱਲ ਪੱਕਾ ਦੇ ਜਾਵਾਂਗਾ। ਮੁੜ ਕੇ ਉਹ ਸਾਡੀ ਲੇਨ ਵਿਚ ਨਹੀਂ ਸੇਵਾ ਕਰਨ ਆਇਆ। ਕਿੰਨੇ ਹੀ ਇਹੋ ਜਿਹੇ ਫਰਾਡ ਹੋਈ ਜਾਂਦੇ ਨੇ। ਕੀ ਕੋਈ ਉਠ ਕੇ ਇਹ ਸਭ ਰੋਕਣ ਦੀ ਕੋਸ਼ਿਸ਼ ਕਰੇਗਾ ਤਾਂ ਕਿ ਕੌਮ ਦਾ ਨਾਮ ਬਦਨਾਮ ਹੋਣ ਤੋਂ ਬਚ ਜਾਏ।

ਤਖਤ ਸ੍ਰੀ ਪਟਨਾ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਨਮ ਦਿਹਾੜਾ ਬੜੀ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਦੂਰ ਬੈਠੇ ਟੀ. ਵੀ ਤੇ ਹੀ ਸਾਰਾ ਪ੍ਰੋਗਰਾਮ ਦੇਖ ਕੇ ਖੁਸ਼ੀ ਹੁੰਦੀ ਹੈ ਕਿ ਗੁਰਸਿੱਖਾਂ ਵਿਚ ਕਿੰਨੀ ਸ਼ਰਧਾ ਪ੍ਰੇਮ ਪਿਆਰ ਹੈ ਦੂਰੋਂ ਦੂਰੋਂ ਚੱਲ ਕੇ ਸਭ ਪਟਨਾ ਸਾਹਿਬ ਪਹੁੰਚਦੇ ਹਨ ਕਿੰਨਾ ਜੋਸ਼ ਹੈ ਕਿੰਨਾ ਸ਼ੌਕ ਹੈ ਗੁਰੂ ਦਾ ਜਨਮ ਦਿਨ ਮਨਾਣ ਦਾ। ਮਾਣ ਨਾਲ ਸਿਰ ਉੱਚਾ ਹੁੰਦਾ ਹੈ ਇਹ ਸਭ ਦੇਖ ਕੇ।

ਪਰ ਨਾਲ ਹੀ ਇਕ ਗੱਲ ਇਤਨਾ ਮਨ ਨੂੰ Disturb ਕਰ ਜਾਂਦੀ ਹੈ। ਬਹੁਤ ਸੋਹਣਾ ਕੀਰਤਨ ਹੋ ਰਿਹਾ ਹੁੰਦਾ ਹੈ ਦੂਰੋਂ ਦੂਰੋਂ ਰਾਗੀ ਜੱਥੇ ਪਹੁੰਚ ਕੇ ਗੁਰੂ ਕੀ ਕੀਰਤਿ ਕਰ ਰਹੇ ਹੁੰਦੇ ਹਨ। ਮਨ ਜੁੜਦਾ ਹੈ ਗੁਰੂ ਨਾਲ। ਪਰ ਉਸੇ ਵੇਲੇ ਹੁੰਦਾ ਹੈ ਕਿ ਰਾਗੀ ਸਿੰਘਾਂ ਦੇ ਪਿਛੇ ਸਾਰੇ ਪ੍ਰਬੰਧਕ ਤੇ ਗੁਰਦੁਆਰੇ ਦੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਹਿਬਾਨ ਤੇ ਕੁਝ ਵੀ. ਆਈ. ਪੀ ਬੈਠ ਜਾਂਦੇ ਹਨ। ਉਹ ਸਭ ਆਪਸ ਵਿਚ ਸਲਾਹਾਂ ਕਰਦੇ ਹਨ। ਬਾਰ ਬਾਰ ਕੋਈ ਉਨ੍ਹਾਂ ਕੋਲ ਆਕੇ ਕੁਝ ਪੁਛਦਾ ਹੈ। ਕੋਈ ਕੁਝ ਦੱਸਦਾ ਹੈ। ਨਾ ਤਾਂ ਉਹ ਆਪ ਕੀਰਤਨ ਸੁਣਦੇ ਹਨ। ਸਗੋਂ ਸੰਗਤ ਨੂੰ ਵੀ ਕੀਰਤਨ ਦਾ ਪੂਰਾ ਲਾਭ ਨਹੀ ਲੈਂਦਾ ਮਿਲਦਾ। ਰਾਗੀ ਸਿੰਘਾਂ ਵੱਲ ਸ਼ਰਧਾ ਨਾਲ ਵੇਖ ਰਹੀ ਸੰਗਤ ਕੀਰਤਨ ਨਾਲ ਜੁੜਨ ਦੀ ਥਾਂ Disturb ਹੋ ਰਹੀ ਹੁੰਦਾ ਹੈ। ਕਦੀ ਕੋਈ ਸਟੇਜ ਤੇ ਚੜ੍ਹ ਰਿਹਾ ਹੈ। ਕੋਈ ਉਤਰ ਰਿਹਾ ਹੈ। instructions ਉਥੇ ਹੀ ਦਿੱਤੀਆਂ ਜਾ ਰਹੀਆਂ ਹਨ। ਕੀਰਤਨ ਦਾ ਨਜ਼ਾਰਾ ਬਦਲ ਕੇ ਹੋਰ ਹੀ ਲੱਗਣ ਲੱਗਦਾ ਹੈ। ਜੇ ਅਸੀਂ ਟੀ. ਵੀ ਦੇਖਕੇ ਪਿਛੇ ਚੱਲ ਰਹੀ ਮੀਟਿੰਗ ਤੋਂ Disturb ਹੁੰਦੇ ਹਾਂ ਤਾਂ ਸੰਗਤ ਵੀ ਤਾਂ ਇਵੇਂ ਹੀ ਮਹਿਸੂਸ ਕਰ ਰਹੀ ਹੋਏਗੀ। ਪ੍ਰੈਜ਼ੀਡੈਂਟ ਸਾਹਿਬ ਜਾਂ ਹੋਰ ਜੋ ਵੀ ਮੈਂਬਰ ਪਿਛੇ ਬੈਠਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਸਟੇਜ ਦੇ ਨੇੜੇ ਪਰ ਨੀਚੇ ਬੈਠਣ ਤੇ ਆਪਣੀਆਂ ਸਲਾਹਾਂ ਜਾਰੀ ਰੱਖਣ ਤਾਂ ਜੋ ਰਾਗੀ ਸਿੰਘਾਂ ਦੇ ਦਰਸ਼ਨ ਤੇ ਕੀਰਤਨ ਸੁਣ ਰਹੀ ਸੰਗਤ Disturb ਨਾ ਹੋਏ। ਸਟੇਜ ਤੇ ਸਿਰਫ ਰਾਗੀ ਸਿੰਘ ਹੀ ਬੈਠਣ ਉਨ੍ਹਾਂ ਦੇ ਪਿਛੇ ਕੋਈ ਨਾ ਬੈਠੇ ਤਾਂ ਜੋ ਕੀਰਤਨ ਦਾ ਮਾਹੌਲ ਪਵਿਤਰਤਾ ਪੂਰਨ ਬਣਿਆ ਰਹੇ। ਗੁਰੂ ਦੇ ਦਰਬਾਰ ਵਿਚ ਸਾਰੇ ਇਕ ਸਮਾਨ ਹਨ। ਭਾਵੇਂ ਕੋਈ ਮਨਿਸਟਰ ਆ ਜਾਏ ਉਹ ਸੰਗਤ ਵਿਚ ਹੀ ਬੈਠੇ ਕਿਉਂਕਿ ਸਿਰ ਸਾਹਾਂ ਪਾਤਸ਼ਾਹ ਤਖਤ ਪੋਸ਼ ਤੇ ਬਿਰਾਜਮਾਨ ਹੈ। ਹੋਰ ਜੋ ਵੀ ਜਾਏ ਸੰਗਤ ਰੂਪ ਵਿਚ ਜਾਏ ਨਿਮਰਤਾ ਪੂਰਵਕ ਨਿਮਾਣਾ ਬਣ ਕੇ ਜਾਏ।

ਪਿੱਛੇ ਜਿਹੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਲੁਧਿਆਣਾ ਵਿਖੇ ਭਾਈ ਦਵਿੰਦਰ ਸਿੰਘ ਸੋਢੀ ਨੇ ਬਾਬਾ ਨੰਦ ਸਿੰਘ ਜੀ ਯਾਦਗਾਰੀ ਕੀਰਤਨ ਦਰਬਾਰ ਕਰਵਾਇਆ ਸੀ। ਪ੍ਰਸਿੱਧ ਕੀਤਰਨੀਆਂ ਨੇ ਬੜਾ ਸੋਹਣਾ ਰੰਗ ਬੰਨਿਆ। ਸੋਹਣੀ ਕੀਰਤਿ ਗਾਈ ਗਈ। ਪਰ ਸਟੇਜ ਤੇ ਰਾਗੀ ਸਿੰਘਾਂ ਪਿਛੇ ਬੈਠੇ ਕਈ ਪਤਵੰਤੇ ਲਗਾਤਾਰ ਸਲਾਹਾਂ ਕਰੀ ਗਏ। instruction ਦਈ ਗਏ। ਸੋ ਮੇਰੀ ਇਹ ਬੇਨਤੀ ਹੈ ਜਿਥੇ ਕਿਤੇ ਕੀਰਤਨ ਹੋ ਰਿਹਾ ਹੋਵੇ ਗੁਰੂ ਮਹਾਰਾਜ ਦਾ ਪ੍ਰਕਾਸ਼ ਤੇ ਸਟੇਜ ਤੇ ਰਾਗੀ ਸਿੰਘਾਂ ਦਾ ਜੱਥਾ ਬੱਸ- ਇਸ ਤੋਂ ਬਿਨਾਂ ਹੋ ਕੋਈ ਵੀ center of attraction ਨਾ ਬਣਾਇਆ ਜਾਏ ਤਾਂ ਜੋ ਕੀਤੇ ਗਏ ਕੀਰਤਨ ਦਰਬਾਰ ਦਾ ਪੂਰਾ ਲਾਹਾ ਸੰਗਤ ਲੈ ਸਕੇ। ਮਨ ਦੂਜੇ ਪਾਸੇ ਜਰਾ ਨਾ ਜਾਏ। ਬੱਸ ਗੁਰੂ ਕੇ ਦਰਸ਼ਨ ਜਾਂ ਗੁਰੂ ਕੀ ਕੀਰਤਿ ਹੀ ਨਜ਼ਰ ਆਏ।

ਕੀ ਮੈਂ ਅਣਜਾਣ ਜਿਹੀ ਦੀ ਇਹ ਬੇਨਤੀ ਮੇਰੀ ਕੌਮ ਤੱਕ ਪਹੁੰਚ ਕੇ ਕੁਝ ਅਸਰ ਦਿਖਾਏਗੀ?

# ਕੰਠ-ਸਾਧਨਾ


ਗੁਰਕੰਵਲ ਕੌਰ
193 ਸੈਕਟਰ 45 ਏ
ਚੰਡੀਗੜ੍ਹ


ਸੰਪੂਰਨ ਸੰਗੀਤ ਕਲਾ ਧੁਨੀ (ਆਵਾਜ਼) ਤੇ ਅਧਾਰਿਤ ਹੈ, ਇਸ ਲਈ ਕਲਾਕਾਰ ਆਪਣੀ ਪੂਰਣ ਸਵਰ ਸਾਧਨਾ ਦੁਆਰਾ ਆਵਾਜ਼ ਨੂੰ ਰਸਮਈ ਅਤੇ ਮਧੁਰ ਬਣਾਉਣ ਲਈ ਲਗਾਤਾਰ ਅਭਿਆਸ ਅਤੇ ਮਿਹਨਤ ਕਰਦਾ ਆਇਆ ਹੈ, ਕਿਉਂ ਕਿ ਉਸ ਦੀ ਸਫਲਤਾ ਅਤੇ ਸਿੱਧੀ ਉਸਦੀ ਕੰਠ ਸਾਧਨਾ ਤੋਂ ਪੈਦਾ ਸਵਰ ਦੇ 'ਜਾਦੂ' ਅਤੇ 'ਅਸਰ' ਤੇ ਨਿਰਭਰ ਕਰਦੀ ਹੈ।

ਕੰਠ ਸਾਧਨਾ ਤੋਂ ਭਾਵ ਆਵਾਜ਼ ਦੀ ਬਣਤਰ ਤੋਂ ਹੈ। ਵੱਖ-ਵੱਖ ਅਭਿਆਸ ਵਿਧੀਆਂ ਦੁਆਰਾ ਕੰਠ ਨੂੰ ਇਤਨਾ ਸਾਧ ਲੈਣਾ ਜਾਂ ਕਾਬੂ ਵਿਚ ਕਰ ਲੈਣਾ ਕਿ ਇੱਛਾ ਅਨੁਸਾਰ ਲੋੜੀਂਦੀ ਆਵਾਜ਼ ਉਤਪੰਨ ਕੀਤੀ ਜਾ ਸਕੇ, ਕੰਠ ਸਾਧਨਾ ਕਹਾਉਂਦਾ ਹੈ। ਪੱਛਮੀ ਵਿਚਾਰਕਾਂ ਨੇ ਕੰਠ ਸਾਧਨਾ ਲਈ 'ਵਾਇਸ-ਕਲਚਰ' (Voice Culture) ਸ਼ਬਦ ਦਾ ਪ੍ਰਯੋਗ ਕੀਤਾ ਹੈ, ਜੋ ਅੱਜ ਕੱਲ ਬਹੁਤ ਵਿਆਪਕ ਰੂਪ ਵਿਚ ਪ੍ਰਚੱਲਤ ਹੈ। ਵਾਇਸ-ਕਲਚਰ ਦੇ ਸੰਬੰਧ ਵਿਚ ਕਿਹਾ ਗਿਆ ਹੈ:

"Voice Culture is a science that deals with the various processes of cultivating the human voice to suit musical requirements. The cultivation of voice to a considerable degree of parfection is the aim of Voice Culture."

ਸਵਰ ਸੁਧਾਰ ਦਾ ਸੰਬੰਧ ਜਿਥੇ ਪੱਛਮੀ ਵਿਦਵਾਨਾਂ ਨੇ ਸ਼ਰੀਰ ਵਿਗਿਆਨ ਦਾ ਭੌਤਿਕ ਆਧਾਰ ਲਿਆ ਹੈ ਅਤੇ ਉਸਨੂੰ ਕੰਠ ਸਾਧਨਾ ਦੇ ਰੂਪ ਵਿਚ ਪ੍ਰਯੋਗ ਕੀਤਾ ਹੈ, ਉਥੇ ਭਾਰਤੀ ਸੰਗੀਤ ਕਲਾ ਵਿਚ ਈਸ਼ਵਰੀ ਤੱਤਾਂ ਨੂੰ ਵਧੇਰੇ ਮੰਨਿਆ ਗਿਆ ਹੈ। ਇਹੀ ਕਾਰਨ ਹੈ ਕਿ ਪ੍ਰਾਚੀਨ ਸੰਗੀਤ ਸ਼ਾਸ਼ਤਰ ਦੇ ਗ੍ਰੰਥਾਂ ਵਿਚ ਸੰਗੀਤ ਦੇ ਇਸ ਅਤਿ ਜ਼ਰੂਰੀ ਤੱਤ ਉੱਤੇ ਬਹੁਤ ਘਟ ਚਰਚਾ ਕੀਤੀ ਗਈ ਹੈ।

ਮਨੁੱਖ ਨੂੰ ਪ੍ਰਾਕਿਰਤੀ ਦੁਆਰਾ ਪ੍ਰਾਪਤ ਅਨਮੋਲ ਵਸਤਾਂ ਵਿਚੋਂ ਵਾਣੀ (ਆਵਾਜ਼) ਪ੍ਰਮੁੱਖ ਹੈ। ਮੂੰਹ ਚੋਂ ਨਿਕਲੇ ਹੋਏ ਸ਼ਬਦ ਜਾ ਵਾਣੀ ਵਿਚ ਬੜੀ ਸ਼ਕਤੀ ਹੁੰਦੀ ਹੈ, ਪਰ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਅਸੀਂ ਇਹ ਮੰਨ ਬੈਠਦੇ ਹਾਂ ਕਿ ਸਾਨੂੰ ਜੋ ਵਾਣੀ ਜਾਂ ਸਵਰ ਪ੍ਰਾਪਤ ਹੋਇਆ ਹੈ, ਸਾਨੂੰ ਨਾ ਤਾਂ ਉਸ ਦਾ ਵਿਕਾਸ ਕਰਨ ਦੀ ਜ਼ਰੂਰਤ ਹੈ ਅਤੇ ਨਾ ਹੀ ਅਸੀਂ ਅਜਿਹਾ ਕਰ ਸਕਦੇ ਹਾਂ।

ਹਰ ਸਾਲ ਅਸੀਂ ਹਜ਼ਾਰਾਂ ਰੁਪਏ ਸਾਡੀ ਬਾਹਰੀ ਬਨਾਵਟ ਦੇ ਉਪਕਰਣਾਂ ਤੇ ਖਰਚ ਕਰਦੇ ਹਾਂ, ਪਰ ਪ੍ਰਾਕਿਰਤੀ ਰੂਪ ਤੋਂ ਪ੍ਰਾਪਤ ਸਵਰ ਨੂੰ ਨਾ ਤਾਂ ਸੁਧਾਰਨ ਦੀ ਕੋਸ਼ਿਸ਼ ਕਰਦੇ ਹਾਂ ਤੇ ਨਾ ਹੀ ਉਸਦੇ ਵਿਗੜ ਜਾਣ ਦੀ ਪ੍ਰਵਾਹ ਕਰਦੇ ਹਾਂ।

ਇਹੀ ਸੱਚ ਹੈ ਕਿ ਆਵਾਜ਼ ਦਾ ਸੁਰੀਲਾ ਅਤੇ ਪ੍ਰਭਾਵਸ਼ਾਲੀ ਹੋਣਾ ਕੁਦਰਤੀ ਗੁਣ ਹੈ, ਪਰ ਸੰਗੀਤਕਾਰਾਂ, ਧੁਨੀ ਸ਼ਾਸਤਰਕਾਰਾਂ ਅਤੇ ਸ਼ਰੀਰ ਚਿਕਿਤਸਕਾਂ ਦੇ ਸਮੂਹਿਕ ਵਿਚਾਰ ਵਟਾਂਦਰੇ ਉਪਰੰਤ ਇਹ ਸਵੀਕਾਰ ਕਰ ਲਿਆ ਗਿਆ ਹੈ ਕਿ ਆਵਜ਼ ਪਰਿਵਰਤਨਸ਼ੀਲ ਹੈ। ਜਨਮ ਤੋਂ ਭਾਵੇਂ ਆਵਾਜ਼ ਮਧੁਰ ਹੋਵੇ, ਪਰ ਲਾਪਰਵਾਹੀ ਨਾਲ ਉਹ ਦੋਸ਼ਪੂਰਣ ਹੋ ਜਾਂਦੀ ਹੈ ਅਤੇ ਆਵਾਜ਼ ਨੂੰ ਅਭਿਆਸ ਦੇ ਦੁਆਰਾ ਦੋਸ਼ ਰਹਿਤ ਅਤੇ ਮਧੁਰ ਬਣਾਇਆ ਜਾ ਸਕਦਾ ਹੈ। ਇਹੀ ਕੰਠ ਸਾਧਨਾ ਦਾ ਅਰਥ ਅਤੇ ਮੰਤਵ ਹੈ।

***ਕੰਠ ਸਾਧਨਾ ਸੰਬੰਧੀ ਕੁਝ ਵਿਸ਼ੇਸ਼ ਤੱਤ***

ਆਵਾਜ਼ ਦਾ ਲਗਾਓ: ਆਵਾਜ਼ ਦਾ ਉਤਾਰ ਚੜਾਅ, ਭਾਵ ਤਿੰਨਾਂ ਸਪਤਕਾਂ ਵਿਚ ਆਵਾਜ਼ ਦਾ ਸਹੀ ਲਗਾਓ, ਆਵਾਜ਼ ਨੂੰ ਜ਼ੋਰਦਾਰ ਅਤੇ ਲਚੀਲਾ ਰੱਖਣਾ ਅਤੇ ਆਵਾਜ਼ ਦੇ ਘਣਤਵ ਆਦਿ ਤੇ ਪੂਰਾ ਨਿਯੰਤਰਣ ਰੱਖਣਾ, ਇਹਨਾਂ ਗੱਲਾਂ ਦਾ ਧਿਆਨ ਗਾਉਣ ਵਿਚ ਰੱਖਣਾ ਬਹੁਤ ਜ਼ਰੂਰੀ ਹੈ।

**ਸਵਰ ਸਾਧਨਾ ਦੀ ਵਿਧੀ:** ਸਵਰ ਸਾਧਨਾ ਇਕਾਂਤ ਅਤੇ ਸ਼ੁਧ ਚਿਤ ਹੋਣੀ ਚਾਹੀਦੀ ਹੈ। ਸਵਰ ਸਾਧਨਾ ਲਈ ਸਵੇਰੇ 4 ਵਜੇ ਤੋਂ 7 ਵਜੇ ਤੱਕ ਦਾ ਸਮਾਂ ਵਧੇਰੇ ਪ੍ਰਭਾਵਸ਼ਾਲੀ ਰਹਿੰਦਾ ਹੈ। ਕੰਠ ਸਾਧਨਾ ਲਈ ਸਭ ਤੋਂ ਪਹਿਲਾ ਮੱਧ ਸ਼ੜਜ਼ ਦੀ ਸਾਧਨਾਂ ਹੋਣੀ ਚਾਹੀਦੀ ਹੈ। ਸਵਰ ਨੂੰ ਹੌਲੀ ਹੌਲੀ ਪ੍ਰਸਾਰਿਤ ਕਰਦੇ ਹੋਏ ਉਸ ਵਿਚ ਗੂੰਜ ਭਰਨੀ ਚਾਹੀਦੀ ਹੈ। ਸ਼ੁਰੂਆਤ ਵਿਚ 15-20 ਮਿੰਟ ਜਾਂ ਅੱਧਾ ਘੰਟਾ ਅਤੇ ਫਿਰ ਸਾਧਨਾ ਦਾ ਸਮਾਂ ਵਧਾ ਦੇਣਾ ਚਾਹੀਦਾ ਹੈ। ਇਹ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿ ਅਭਿਆਸ ਕਰਦੇ ਸਮੇ ਸਵਰ ਵਿਚ ਕੰਪਨ ਯਾ ਥਰਥਰਾਹਟ ਨਾ ਰਹੇ। ਸ਼ੜਜ਼ ਸਾਧਨਾ ਤੋਂ ਬਾਦ ਇਸੇ ਢੰਗ ਨਾਲ ਮ੍ਰੰਦ ਪੰਚਮ ਦੀ ਸਾਧਨਾ ਕਰਨੀ ਚਾਹੀਦੀ ਹੈ ਅਤੇ ਜਦੋਂ ਪੰਚਮ ਬਿਲਕੁਲ ਸ਼ੁੱਧ ਨਿਕਲਣ ਲੱਗੇ ਤਾਂ ਹੌਲੀ ਹੌਲੀ ਮੰਦ੍ਰ ਸਪਤਕ ਦੇ ਹੋਰ ਸਵਰਾਂ ਦੀ ਸਾਧਨਾ ਕਰਨੀ ਚਾਹੀਦੀ ਹੈ। ਮੰਦ੍ਰ ਸਾਧਨਾ ਨਾਲ ਆਵਾਜ਼ ਕਈ ਗੁਣ ਗ੍ਰਹਿਣ ਕਰ ਲੈਂਦੀ ਹੈ ਜਿਵੇਂ ਕਿ:-ਕੰਠ ਤੇ ਪੂਰਾ ਅਧਿਕਾਰ ਹੋਣਾ, ਮਸਤਕ ਦਾ ਹਲਕਾ ਹੋਣਾ, ਸਾਹ ਦਾ ਲੰਬਾ ਹੋਣਾ ਅਤੇ ਫੇਫੜਿਆਂ ਦੀ ਕਸਰਤ ਆਦਿ। ਮੰਦ੍ਰ ਸਾਧਨਾ ਤੋਂ ਬਾਅਦ ਹੀ ਮੱਧ ਸਪਤਕ ਦੇ ਸ਼ੁੱਧ ਰਿਸ਼ਭ, ਗੰਧਾਰ, ਮਧਿਅਮ, ਧੈਵਤ ਅਤੇ ਨਿਸ਼ਾਦ ਸਵਰ ਦਾ ਅਭਿਆਸ ਕਰਨਾ ਚਾਹੀਦਾ ਹੈ ਅਤੇ ਉਸਤੋਂ ਬਾਅਦ ਤਾਰ ਸਪਤਕ ਦਾ।

**ਸਵਾਸ ਨਿੰਯਤਰਣ:** ਸਵਾਸ, ਸਵਰ ਨੂੰ ਉਤਪੰਨ ਕਰਨ ਦਾ ਪ੍ਰਾਕਿਰਤਿਕ ਸਾਧਨ ਹੈ। ਆਮ ਤੌਰ ਤੇ ਤੰਦਰੁਸਤ ਵਿਅਕਤੀ ਇਕ ਮਿੰਟ ਵਿਚ 15-16 ਵਾਰੀ ਸਾਹ ਲੈਂਦਾ ਹੈ। ਅਭਿਆਸ ਰਾਹੀਂ ਸਾਹ ਲੈਣ ਦੀ ਕ੍ਰਿਆ ਨੂੰ ਘਟਾਇਆ ਜਾ ਸਕਦਾ ਹੈ। ਸਾਹ ਲੈਣ ਸਮੇਂ ਜਲਦੀ ਨਾਲ ਅੰਦਰ ਖਿਚ ਕੇ ਹੌਲੀ ਹੌਲੀ ਬਾਹਰ ਕੱਢਣ ਦੇ ਅਭਿਆਸ ਨਾਲ ਫੇਫੜੇ ਸ਼ਕਤੀਸ਼ਾਲੀ ਹੋ ਜਾਂਦੇ ਹਨ। ਅਜਿਹਾ ਕਰਨ ਨਾਲ ਆਵਾਜ਼ ਵਿਚ ਗੈਰ-ਜ਼ਰੂਰੀ ਉਤਾਰ ਚੜਾਅ ਨਹੀਂ ਆਉਂਦਾ ਅਤੇ ਆਵਾਜ਼ ਵਿਚ ਵਿਚ ਟੁਟਦੀ ਨਹੀਂ।

ਉਪਰੋਕਤ ਸਭ ਤੱਤਾਂ ਨੂੰ ਦੇਖਦੇ ਹੋਏ ਇਸ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ ਕਿ ਕੰਠ ਸਾਧਨਾ ਤੋਂ ਬਿਨਾਂ ਗਾਇਨ ਵਿਚ ਸਫਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸੰਗੀਤ ਦੇ ਇਸ ਅਤਿ ਜ਼ਰੂਰੀ ਅਤੇ ਬੁਨਿਆਦੀ ਤੱਤ ਵੱਲ ਦਿੱਤਾ ਜਾਣਾ ਬਹੁਤ ਜ਼ਰੂਰੀ ਹੈ।

# ਖਾਲਸਾ ਪੰਥ ਆਗਾਜ਼ ਤੇ ਸੰਪੂਰਨਤਾ

ਸੋਹਣ ਸਿੰਘ
3027/27 ਡੀ
ਚੰਡੀਗੜ੍ਹ-160019

ਪ੍ਰਮਾਤਮਾ ਦੇ ਕਰਤੱਬ ਵੀ ਕੁਝ ਨਿਆਰੇ ਹੀ ਹੁੰਦੇ ਹਨ। ਹਰ ਇਨਸਾਨ ਹਰ ਮੁਲਕ ਤੇ ਹਰ ਕੌਮ ਤੇ ਉਤਾਰ ਚੜਾਅ ਆਉਂਦੇ ਹੀ ਰਹਿੰਦੇ ਹਨ। 12ਵੀਂ ਤੋਂ 17ਵੀਂ ਸਦੀ ਦਾ ਸਮਾ ਭਾਰਤ ਵਾਸੀਆਂ ਲਈ ਬੜੀ ਢਹਿੰਦੀ ਕਲਾ ਦਾ ਹੋ ਗੁਜਰਿਆ ਹੈ। ਹਿੰਦੂ ਜੰਤਾ ਦਾ ਵਿਸ਼ਵਾਸ਼ ਸਰਬ ਸ਼ਕਤੀ ਪ੍ਰਮਾਤਮਾ ਦੀ ਬਜਾਏ ਦੇਵੀ ਦੇਵਤਿਆਂ ਤੇ ਹੋ ਗਿਆ ਸੀ ਜਿਸ ਕਰਕੇ ਪੂਜਾ ਵੀ ਉਹਨਾਂ ਦੀ ਸੂਰਜ, ਚੰਦ, ਦਰਖਤਾਂ ਤੇ ਜਾਨਵਰਾਂ ਦੀ ਹੋਣ ਲੱਗੀ। ਆਪਸ ਵਿਚ ਜਾਤ ਪਾਤ, ਉਚ ਨੀਚ ਦਾ ਵਿਤਕਰਾ ਸਿਖਰ ਤੇ ਪਹੁੰਚ ਗਿਆ ਜਿਸ ਕਾਰਨ ਕਰਮ ਕਾਂਡ, ਝੂਠ ਫਰੇਬ, ਨਫਰਤ, ਜ਼ੁਲਮ, ਸੁਸਤੀ ਤੇ ਬੁਜ਼ਦਿਲੀ ਦਾ ਵਾਤਾਵਰਣ ਛਾ ਗਿਆ।

ਇਲਾਹੀ ਅਸੂਲ ਅਨੁਸਾਰ ਜਦੋਂ ਧਰਮ ਦੀ ਗਿਲਾਨੀ ਸਿਖਰ ਤੇ ਪਹੁੰਚਦੀ ਹੈ ਤਾਂ ਕੋਈ ਪੂਰਨਪੁਰਖ ਦੁਨੀਆਂ ਤੇ ਆ ਕੇ ਧਰਮ ਦੀ ਰੱਖਿਆ ਕਰਦਾ ਹੈ। ਪੰਦਰਵੀਂ ਸਦੀ ਵਿਚ ਭਗਤੀ ਲਹਿਰ ਚੱਲੀ ਬੜੇ ਬੜੇ ਸੰਤ ਮਹਾਤਮਾਂ ਭਾਰਤ ਦੇ ਕੋਨੇ ਕੋਨੇ ਚ ਧਰਮ ਦਾ ਪ੍ਰਚਾਰ ਕਰਨ ਲੱਗੇ।

ਭਗਤ ਕਬੀਰ ਸਾਹਿਬ ਨੇ ਗੁਰੂ ਗਰੰਥ ਸਾਹਿਬ ਵਿਚ ਦਰਜ਼ ਬਾਣੀ ਅਨੁਸਾਰ ਇਹ ਸਿਖਿਆ ਦਿੱਤੀ ਕਿ ਬੁਤ ਪੂਜਨ ਨਾਲ ਯਾ ਕਬਰਾਂ ਪੂਜਨ ਨਾਲ ਯਾਂ ਕਰਮ ਕਾਂਡਾਂ ਵਿਚ ਪੈਣ ਨਾਲ ਪ੍ਰਮਾਤਮਾ ਦੇ ਦਰਬਾਰ ਤੱਕ ਪਹੁੰਚ ਨਹੀਂ ਹੋ ਸਕਦੀ ਤੇ ਨਾ ਹੀ ਵੇਦ ਪੁਰਾਨ ਯਾ ਕੁਰਾਨ ਪੜਣ ਨਾਲ। ਕੇਵਲ ਪ੍ਰੇਮਾ ਭਗਤੀ ਹੀ ਤੁਹਾਨੂੰ ਖਾਲਸਾ ਬਣਾ ਸਕਦੀ ਹੈ।

*ਬੁਤ ਪੂਜਿ ਪੂਜਿ ਹਿੰਦੂ ਮੂਏ*
*ਤੁਰਕ ਮੂਏ ਸਿਰੁ ਨਾਈ।*
*ਓਇ ਲੇ ਜਾਰੇ ਓਇ ਲੇ ਗਾਡੇ*
*ਤੇਰੀ ਗਤਿ ਦੁਹੂ ਨ ਪਾਈ।*

.........................

*ਬੇਦ ਪੁਰਾਨ ਸਭੈ ਮਤ ਸੁਨਿ ਕੈ*
*ਕਰੀ ਕਰਮ ਦੀ ਆਸਾ।*
*ਕਾਲ ਗ੍ਰਸਤ ਸਭ ਲੋਗ ਸਿਆਨੇ*
*ਉਠਿ ਪੰਡਿਤ ਪੈ ਚਲੇ ਨਿਰਾਸਾ।*

.........................

*ਪਰਿਓ ਕਾਲੁ ਸਭੈ ਜਗ ਊਪਰ*
*ਮਾਹਿ ਲਿਖੇ ਭ੍ਰਮ ਗਿਆਨੀ।*
*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ।* (654 ਕਬੀਰ ਜੀ)

ਸ੍ਰੀ ਗੁਰੂ ਨਾਨਕ ਸਾਹਿਬ ਨੇ ਖਾਲਸੇ ਦੀ ਪਰਿਭਾਸ਼ਾ ਨੂੰ ਅਮਲੀ ਰੂਪ ਦਿੱਤਾ ਤੇ ਭਾਰਤ ਵਾਸੀਆਂ ਲਈ ਇਕ ਪ੍ਰਮ ਸ਼ਕਤੀ ੧ਓ ਦੀ ਸੰਗੀਤ ਰਾਹੀਂ ਕੀਰਤੀ ਕੀਤੀ, ਵੰਡ ਛਕਣਾ ਦਰਸਾਇਆ। ਉਹਨਾਂ ਆਪ ਅਲਾਹੀ ਬਾਣੀ ਉਚਾਰ ਕੇ ਉਸ ਪ੍ਰਮਾਤਮਾ ਦੀ ਉਸਤਤੀ ਕੀਤੀ।

*ਜੇ ਤਉ ਪ੍ਰੇਮ ਖੇਲਨ ਕਾ ਚਾਉ*
*ਸਿਰ ਧਰ ਤਲੀ ਗਲੀ ਮੇਰੀ ਆਉ।*
(ਪੰਨਾ ?)

ਉਹਨਾ ਫੁਰਮਾਇਆ ਕਿ

*ਸਚਹੁ ਓਰੇ ਸਭ ਕੋ ਉਪਰ ਸਚ ਆਚਾਰ।*

ਗੁਰੂ ਅੰਗਦ ਦੇਵ ਜੀ ਨੇ ਗੁਰੂ ਦੇ ਹੁਕਮ ਰਜਾਈ ਰਹਿਨ ਦਾ ਨਮੂਨਾ ਪੇਸ਼ ਕੀਤਾ ਤੇ ਪੰਜਾਬੀ ਬੋਲੀ ਨੂੰ ਗੁਰਮੁਖੀ ਲਿਪੀ ਜੋ ਪਹਿਲੇ ਹੀ ਚੱਲ ਰਹੀ ਸੀ ਨੂੰ ਸੋਧ ਕੇ ਖਾਲਸਾ ਪੰਥ ਲਈ ਗੁਰਬਾਣੀ ਨੂੰ ਇਸ ਲਿਪੀ ਚ ਅੰਕਿਤ ਕੀਤਾ। ਗੁਰੂ ਅਮਰਦਾਸ ਜੀ ਨੇ ਖਾਲਸਾ ਪੰਥ ਚੋਂ ਊਚ ਨੀਚ ਦਾ ਵਿਤਕਰਾ ਮਿਟਾਉਨ ਲਈ "ਪਹਿਲੇ ਪੰਗਤ ਤੇ ਫਿਰ ਸੰਗਤ" ਦਾ ਅਸੂਲ ਅਪਨਾਇਆ। ਉਹਨਾਂ ਸਤੀ ਦੀ ਕੁਰੀਤੀ ਦੇ ਖਿਲਾਫ ਪ੍ਰਚਾਰ ਵੀ ਕੀਤਾ। ਗੁਰੂ ਰਾਮ ਦਾਸ ਜੀ ਨੇ ਖਾਲਸੇ ਲਈ ਅਠ ਸੱਠ ਤੀਰਥਾਂ ਵਰਗਾ ਇਕ ਪਵਿੱਤਰ ਸਰੋਵਰ ਬਣਵਾ ਕੇ ਅੰਮ੍ਰਿਤਸਰ ਦੀ ਨੀਂਹ ਰੱਖੀ। ਇਹ ਖਾਲਸੇ ਲਈ ਸ਼ਕਤੀ ਸੋਮਾ ਸਾਬਤ

ਹੋਇਆ ਹੈ।

ਗੁਰੂ ਅਰਜਨ ਦੇਵ ਜੀ ਨੇ ਨਿਰਭੈਰਤਾ ਤੇ ਨਿਰਵੈਰਤਾ ਦੇ ਸੁਨਹਿਰੀ ਅਸੂਲਾਂ ਤੇ ਫੂਲ ਚੜਾਉਂਦੇ ਹੋਏ ਗੁਰੂ ਸਾਹਿਬਾਂ/ਸੰਤਾਂ/ਭਗਤਾਂ/ ਫਕੀਰਾਂ ਦੀ ਬਾਣੀ ਨੂੰ ਸੰਗਰਹਿ ਕਰਕੇ ਇਕ ਪਵਿੱਤਰ ਪੋਥੀ ਤਿਆਰ ਕੀਤੀ ਜਿਸ ਵਿਚ ਮਜਹਬ ਤੇ ਦੇਸ਼ ਦੇ ਵਿਤਕਰੇ ਤੋਂ ਉਪਰ ਉਠ ਸਾਰੀਆਂ ਪਵਿਤਰ ਆਤਮਾਵਾਂ ਜਿਨਾਂ ਕੇਵਲ ਇਕ ਪ੍ਰਮ ਸ਼ਕਤੀ ਨਿਰੰਕਾਰ ਦੀ ਅਰਾਧਨਾ ਕੀਤੀ, ਦੇ ਮੁਤੱਬਰਕ ਅੱਖਰ ਦਾਖਲ ਕੀਤੇ।

ਗੁਰਬਾਣੀ ਦੀ ਮੌਲਿਕਤਾ ਦੇ ਮਦੱਨਜ਼ਰ, ਨਿਰਭੈਰਤਾ ਅਤੇ ਨਿਰਵੈਰਤਾ ਦੀ ਕਸਵੱਟੀ ਤੇ ਜਦੋਂ ਕੁਰਬਾਨੀ ਦੀ ਲੋੜ ਪਈ ਤਾਂ ਪੂਰੀ ਸਹਿਜ ਅਵੱਸਥਾ ਚ ਖਿੜੇ ਮਥੇ ਅਸਿਹ ਤੇ ਅਕਿਹ ਤਸੀਹੇ ਸਹਿੰਦੇ ਹੋਏ ਖਾਲਸੇ ਲਈ ਸ਼ਹੀਦੀ ਦਾ ਨਮੂਨਾ ਪੇਸ਼ ਕੀਤਾ। ਗੁਰੂ ਸਾਹਿਬ ਨੇ ਆਪਣੇ ਲਹੂ ਨਾਲ ਖਾਲਸੇ ਦੀ ਨੀਂਹ ਨੂੰ ਸਿੰਚਿਆ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲਦਿਆਂ ਹੀ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ।

ਉਹਨਾਂ ਆਪਣੇ ਸਿਖਾਂ ਨੂੰ ਹੁਕਮ ਕੀਤਾ ਕਿ ਹੋਰ ਨਜ਼ਰਾਨਾ ਲਿਆਉਣ ਦੀ ਬਿਜਾਏ ਉਹ ਘੋੜੇ ਤੇ ਹਥਿਆਰ ਲਿਆਉਣ ਤੇ ਨਾਲੇ ਉਨ੍ਹਾਂ ਸਿਖਾਂ ਨੂੰ ਘੋੜ ਸਵਾਰੀ ਜੰਗੀ ਹਥਿਆਰ ਚਲਾਉਣ ਦੀ ਸਿਖਲਾਈ ਅਰੰਭ ਦਿੱਤੀ।

ਗੁਰੂ ਹਰਿਰਾਇ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਇੱਧਰ ਨਾਮ ਸਿਮਰਨ ਤੇ ਧਰਮ ਪ੍ਰਚਾਰ ਚਲਦਾ ਰਿਹਾ। ਪੰਡਤਾਂ ਨੇ ਇਕੱਠੇ ਹੋ ਗੁਰੂ ਤੇਗ ਬਹਾਦਰ ਸਾਹਿਬ ਦੇ ਸਨਮੁਖ ਅਨੰਦਪੁਰ ਸਾਹਿਬ ਵਿਖੇ ਆਪਣਾ ਧਰਮ ਬਚਾਉਣ ਲਈ ਜਦੋਂ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਖਿੜੇ ਮੱਥੇ ਸਵੀਕਾਰ ਕਰ ਲਈ। ਉਹ ਆਪ ਤੇ ਤਿੰਨ ਸਨਮਾਣੇ ਸਿਖਾਂ (ਭਾਈ ਮਤੀਦਾਸ, ਭਾਈ ਸੱਤੀਦਾਸ ਤੇ ਭਾਈ ਦਯਾਲਾ ਜੀ) ਨੂੰ ਨਾਲ ਲੈ ਦਿਲੀ ਵਿਖੇ ਆਪਣੇ ਬਚਨਾਂ ਅਨੁਸਾਰ" ਭੈ ਕਾਹੂ ਕੋ ਦੇਤ ਨਹ ਨਹ ਭੈ ਮਾਨਤ ਆਨ" ਨਿਰਭੈਰਤਾ ਦੀ ਮੂਰਤ ਬਣ ਸ਼ਹੀਦੀ ਦੇ ਕੇ ਤਿਲਕ ਜੰਞੂ ਦੇ ਰਖਸ਼ੱਕ ਬਣੇ ਤੇ "ਹਿੰਦ ਦੀ ਚਾਦਰ" ਕਰਕੇ ਮਸ਼ਹੂਰ ਹੋਏ।

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।*
*ਠੀਕਰ ਫੋਰਿ ਦਿਲੀਸਿ ਸਿਰਿ,*
*ਪ੍ਰਭ ਪੁਰ ਕੀਆ ਪਿਯਾਨ।*
*ਤੇਗ ਬਹਾਦਰ ਸੀ ਕ੍ਰਿਆ,*
*ਕਰੀ ਨ ਕਿਨਹੂ ਆਨ।* (41:10)

ਗੁਰੂ ਤੇਗ ਬਹਾਦਰ ਸਾਹਿਬ ਦੇ ਡੁਲੇ ਲਹੂ ਨੇ ਖਾਲਸੇ ਵਿਚ ਨਵੀਂ ਰੂਹ ਫੂਕ ਦਿਤੀ। ਉਹਨਾਂ ਦਰਸਾਇਆ ਕਿ ਧਰਮ ਨਿਰਪੇਖਤਾ ਤੇ ਮਸਕੀਨ ਜੰਤਾ ਲਈ ਕਿਵੇਂ ਕੁਰਬਾਨੀ ਦਈਦੀ ਹੈ। ਤਿੰਨਾਂ ਸਿਖਾਂ ਦੀ ਸ਼ਹੀਦੀ ਨੇ ਖਾਲਸੇ ਨੂੰ ਧਰਮ ਤੋਂ ਕੁਰਬਾਨ ਹੋਣ ਦੀ ਉਤਮ ਜਾਚ ਸਖਾ ਦਿਤੀ ਜੋ ਖਾਲਸੇ ਲਈ ਭਵਿੱਖ ਚ ਨਮੂਨੇ ਵਜੋਂ ਨਿਖਰੀ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਨੂੰ ਆਪਣੇ ਦਾਦਾ (ਗੁਰੂ ਹਰਿਗੋਬਿੰਦ ਸਾਹਿਬ) ਵਾਂਗੂੰ ਹਲੂਨਾ ਦਿਤਾ।

ਉਹਨਾਂ ਕੁਝ ਕੁ ਸਾਲ ਸਿੱਖਾਂ ਨੂੰ ਪ੍ਰਭੂ ਦੀ ਭਗਤੀ ਦੇ ਨਾਲ ਨਾਲ ਹਕੂਮਤ ਨਾਲ ਜੂਝਣ ਦੀ ਤਿਆਰੀ ਕਰਵਾਈ ਜਿਸ ਨਾਲ ਸਰੀਰਕ ਚੁਸਤੀ ਤੇ ਮਨੋਬਲ ਉਚਾ ਉਭਰਿਆ ਤੇ ਕੁਝ ਕੁ ਲੜਾਈਆਂ ਵੀ ਜਿੱਤੀਆਂ। ਫਿਰ ਮੌਕੇ ਦੀ ਭਾਲ ਕਰਕੇ ਇਕ ਦਿਨ ਭਰੇ ਦਿਵਾਨ ਚ ਆਪਣੇ ਲਈ ਸਿਰਾਂ ਦੀ ਮੰਗ ਕੀਤੀ। ਤਦ ਪੰਜ ਪਵਿੱਤਰ ਰੂਹਾਂ ਜਿਨਾਂ ਦੇ ਮਨ ਵਿਚ ਇਹ ਅੱਖਰ "ਪਹਿਲਾਂ ਮਰਣ ਕਬੂਲ ਕਰ ਜੀਵਨ ਕੀ ਛਡ ਆਸ, ਹਹੁ ਸਭਨਾਂ ਕੀ ਰੇਣੁਕਾ ਤਉ ਆਉ ਹਮਾਰੇ ਪਾਸ।" ਹਮੇਸ਼ਾ ਘੁਮਦੇ ਰਹਿੰਦੇ ਸਨ, ਚੁਣੀਆਂ ਗਈਆਂ। ਇਹ ਸਨ ਭਾਈ ਦਯਾ ਰਾਮ ਖੱਤਰੀ ਵੰਸ਼ (ਲਾਹੌਰ) ਤੋਂ, ਭਾਈ ਧਰਮ ਦਾਸ ਜੀ ਜੱਟ ਵੰਸ਼ ਹਸਤਨਾਪੁਰ (ਦਿੱਲੀ) ਤੋਂ, ਭਾਈ ਹਿੰਮਤ ਦਾਸ ਜੀ ਝੀਵਰ ਵੰਸ਼ ਜਗਨਨਾਥ ਪੁਰੀ (ਉੜੀਸਾ) ਤੋਂ, ਭਾਈ ਮੋਹਕਮ ਚੰਦ ਜੀ ਧੋਬੀ ਵੰਸ਼, ਦੁਆਰਕਾ (ਗੁਜਰਾਤ) ਤੋਂ, ਭਾਈ ਸਾਹਿਬ ਚੰਦ ਜੀ ਨਾਈ ਵੰਸ਼ ਬਿਦਰ (ਕਰਨਾਟਕਾ) ਤੋਂ

*ਧੰਨੁ ਸੁ ਵੰਸ, ਧੰਨੁ ਸੋ ਪਿਤਾ,*
*ਧੰਨੁ ਸੁ ਮਾਤਾ ਜਿਨਿ ਜਨ ਜਣੇ।*
*ਜਿਸ ਸਾਸਿ ਗਿਰਾਸਿ ਧਿਆਇਆ ਮੇਰਾ*

*ਹਰਿ ਹਰਿ ਸੇ ਸਾਚੀ ਦਰਗਾਹ ਹਰਿਜਨ ਬਣੇ।*

ਪ੍ਰਭੂ ਦੀ ਕੁਦਰਤ ਨਾਲ ਭਾਰਤ ਦੇ ਸਾਰੇ ਕੋਨਿਆਂ ਚੋਂ ਤੇ ਸਾਰੇ ਵੰਸ਼ਾਂ ਚੋਂ ਪ੍ਰਤੀਨਿਧ ਚੁਣੇ ਗਏ। ਇਸ ਗੁਲਦਸਤੇ ਨੇ ਭਵਿੱਖ ਚ ਖਾਲਸੇ ਲਈ ਦਯਾ, ਧਰਮ, ਹਿੰਮਤ, ਮੋਹਕਮ (ਪੱਕਾ ਇਰਾਦਾ) ਦੇ ਮਿਸ਼ਰਣ ਨੇ ਸਾਹਿਬ ਪ੍ਰਾਪਤੀ ਦਾ ਇਸ਼ਾਰਾ ਦਿੱਤਾ।

ਗੁਰੂ ਸਾਹਿਬ ਨੇ ਗੁਰਬਾਣੀ ਦਾ ਪਾਠ ਕਰਦਿਆਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ, ਉਸੀ ਬਾਟੇ ਚੋਂ ਪੰਜਾਂ ਰੂਹਾਂ ਨੂੰ ਛਕਾਇਆ ਤੇ ਆਪ ਉਹਨਾਂ ਕੋਲੋਂ ਛਕਿਆ। ਜਾਤ ਪਾਤ ਊਚ ਨੀਚ, ਦੇਸ ਪ੍ਰਦੇਸ ਦਾ ਵਿਤਕਰਾ ਮਿਟਾ ਦਿੱਤਾ। ਗੁਰਬਾਣੀ ਅਨੁਸਾਰ ਸਚੁ ਆਚਾਰ ਦੇ ਧਾਰਨੀ ਹੋਣ ਦਾ ਹੁਕਮ ਦਹੁਰਾਇਆ। ਸਾਬਤ ਸੂਰਤ ਤੇ ਸ਼ਸਤਰ ਧਾਰੀ ਰਹਿਣ ਦਾ ਉਪਦੇਸ਼ ਦੇ ਕੇ ਖਾਲਸਾ ਲਹਿਰ ਨੂੰ ਸੰਪੂਰਨ ਕੀਤਾ ਤੇ ਪੰਜਾਂ ਪਿਆਰਿਆ ਨੂੰ ਪ੍ਰਧਾਨਗੀ ਬਖਸ਼ੀ। ਉਨ੍ਹਾਂ ਖਾਲਸੇ ਨੂੰ ਫੁਰਮਾਇਆ

*ਜਾਗਤ ਜੋਤ ਜਪੈ ਨਿਸ ਬਾਸੁਰ*
*ਏਕ ਬਿਨਾ ਮਨ ਨੈਕ ਨ ਆਨੈ।*
*ਪੂਰਨ ਜੋਤ ਜਗੈ ਘਟ ਮੈਂ,*
*ਤਬ ਖਾਲਸ ਤਾਹਿ ਨ ਖਾਲਸ ਜਾਨੈ*
*ਖਾਲਸਾ ਆਕਾਲ ਪੁਰਖ ਕੀ ਫੌਜ।*
*ਪ੍ਰਗਟਿਓ ਖਾਲਸਾ ਪ੍ਰਮਾਤਮਾ ਕੀ ਮੌਜ।*

ਖਾਲਸੇ ਨੂੰ ਹਮੇਸ਼ਾ ਸ਼ੁਭ ਕਰਮ ਕਰਨ ਦਾ ਹੁਕਮ ਕੀਤਾ ਤਾਂ ਜੋ ਸਚੁ ਆਚਾਰ ਦੇ ਧਾਰਨੀ ਰਹਿ ਸਕੇ।

*ਦੇਹ ਸ਼ਿਵਾ ਬਰ ਮੋਹਿ ਇਹੈ,*
*ਸ਼ੁਭ ਕਰਮਨ ਤੇ ਕਬਹੂੰ ਨ ਟਰੋ।*
*ਨ ਡਰੋ ਅਰਸੋ ਕਬ ਜਾਇ ਲਰੋ,*
*ਨਿਸਚੈ ਕਰ ਅਪਨੀ ਜੀਤ ਕਰੋ।*
*ਅਰੁ ਸਿਖ ਹੋ ਅਪਨੇ ਹੀ ਮਨ ਕੌ,*
*ਇਹ ਲਾਲਚ ਹਉ ਗੁਨ ਤਉ ਉਚਰੋ।*
*ਜਬ ਆਵ ਦੀ ਅਉਧ ਨਿਧਾਨ ਬਨੈ*
*ਅਤ ਹੀ ਰਨ ਮੈ ਤਬ ਜੂਝ ਮਰੋ।*

ਖਾਲਸੇ ਨੂੰ ਕਈ ਤਰ੍ਹਾਂ ਦੇ ਵਰ ਦਿੰਦੇ ਹੋਏ ਚਿਤਾਵਨੀ ਵੀ ਦਿੱਤੀ।

*ਖਾਲਸਾ ਮੇਰਾ ਰੂਪ ਹੈ ਖਾਸ,*
*ਖਾਲਸੇ ਮਹਿ ਹੌ ਕਰੋ ਨਿਵਾਸ।*
*ਜਬ ਲਗ ਖਾਲਸਾ ਰਹੇ ਨਿਆਰਾ,*
*ਤਬ ਲਗ ਤੇਜ ਦੀਉ ਮੈ ਸਾਰਾ।*
*ਜਬ ਇਹ ਗਏ ਬਿਪਰਨ ਕੀ ਰੀਤ,*
*ਮੈ ਨਾ ਕਰੋ ਇਨ ਕੀ ਪ੍ਰਤੀਤ।*

ਤਵਾਰੀਖ ਗਵਾਹ ਹੈ ਕਿ ਸਾਰੇ ਗੁਰੂਆਂ ਨੇ ਆਪਣੇ ਆਪਣੇ ਸਮੇਂ ਚ ਖਾਲਸੇ ਨੂੰ ਸਰਬੱਤ ਦੇ ਭਲੇ ਲਈ ਜ਼ਮਾਨੇ ਦੇ ਅਨੁਕੂਲ ਨਵੀਨ ਸੇਧ ਦੇ ਕੇ ਇਸ ਦੀ ਚੜ੍ਹਦੀ ਕਲਾ ਸਬੰਧੀ ਪਵਿੱਤਰ ਹਿੱਸਾ ਪਾਇਆ ਹੈ। ਸਾਡੀ ਵੀ ਜ਼ੁੰਮੇਵਾਰੀ ਬਣਦੀ ਹੈ ਕਿ ਅਸੀਂ ਕੁਰਸੀ ਤੇ ਪੈਸੇ (ਬਿਪਰਨ ਦੀ ਰੀਤ) ਛੱਡ, ਖਾਲਸੇ ਦੀ ਪੁਰਾਤਨ ਪਦਵੀ ਕਾਇਮ ਰਖੀਏ ਤਾਂ ਹੀ ਅਸੀਂ ਦਸਾਂ ਗੁਰੂਆਂ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕਦੇ ਹਾਂ। (ਪੰਥ ਦੇ ਆਗੂਆਂ ਲਈ ਪਰਚੱਲਤ ਨਸ਼ਾਖੋਰੀ ਤੇ ਪਤਿਤਪੁਣਾ ਵਡੀਆਂ ਚਨੌਤੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਵਾਸਤੇ ਘੋਰ ਤਪੱਸਿਆ ਦੀ ਲੋੜ ਹੈ।

# ਗੁਰ ਕੈ ਗ੍ਰਿਹਿ ਸੇਵਕ ਜੋ ਰਹੈ

ਕਰਤਾਰ ਸਿੰਘ ਨੀਲਧਾਰੀ
162 ਏ ਗਰੇਨ ਮਾਰਕੀਟ
(ਮਧਿਆ ਮਾਰਗ) ਚੰਡੀਗੜ੍ਹ

ਸਿੱਖ ਧਰਮ ਦੇ ਗੁਰਦਵਾਰਿਆਂ, ਡੇਰਿਆਂ ਜਾਂ ਹੋਰ ਧਰਮ ਸੰਸਥਾਵਾਂ ਨਾਲ ਜੁੜੇ ਹਰੇਕ ਵਿਅਕਤੀ ਦਾ ਇਸ਼ਟ "ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ" ਨੂੰ ਨਿਰਵਿਵਾਦ ਰੂਪ ਵਿਚ ਸਵੀਕਾਰਿਆ ਜਾਂਦਾ ਹੈ। ਸ਼ਾਸਤਰੀ ਜੁਗਤਿ ਵਿਚ ਵੀ ਇਸ਼ਟ ਦੀ ਬਾਨੀ ਨੂੰ ਉਸਦਾ ਸੂਖਮ ਰੂਪ ਸਵੀਕਾਰਿਆ ਜਾਂਦਾ ਹੈ। ਦੇਹਧਾਰੀ ਸਮਾਜ ਨੂੰ ਰੱਬ ਦਾ ਰਾਹ ਦੱਸਣ ਲਈ ਗੁਰੂ ਸਰੂਪ ਆਉਂਦੇ ਰਹੇ ਹਨ। ਪਰ ਸਿੱਖ ਧਰਮ ਦੀ ਧਰਮ ਗਾਥਾ ਦੋ ਸੌ ਸਾਲ ਲੜੀਬੱਧ ਤਰੀਕੇ ਨਾਲ ਦੇਹਧਾਰੀ ਗੁਰੂਆਂ ਦੀ ਅਗਵਾਈ ਪ੍ਰਾਪਤ ਕਰਦੀ ਰਹੀ ਹੈ। ਬਾਕੀ ਧਰਮਾਂ ਵਿੱਚ ਬਹੁਤੇ ਪਰੀਵਰਤਨ ਤੇ ਬਣਤਰ ਪਹਿਲੂ ਧਰਮ ਬਾਨੀ ਦੇ ਜੀਵਨ ਤੋਂ ਬਾਦ ਘੜੇ ਜਾਂਦੇ ਰਹੇ ਹਨ ਜਦ ਕਿ ਸਿੱਖ ਧਰਮ ਦਾ ਕ੍ਰਾਂਤੀਕਾਰੀ ਵਿਕਾਸ ਖਾਲਸਾ ਰੂਪ ਵਿਚ ਹੋਇਆ ਹੈ।

ਗੁਰਬਾਨੀ ਵਿਚ ਸਿੱਖ ਸਮਾਜ ਨੂੰ ਗੁਰਮਤਿ ਦੀ ਪੂਰੀ ਸੋਝੀ ਦਿੱਤੀ ਗਈ ਹੈ ਅਤੇ ਅਜੇਹੀ ਸਿੱਖਿਆ ਦਾ ਲੋੜੀਂਦਾ ਦੁਹਰਾਵ ਵੀ ਹੋਇਆ ਹੈ। ਨਾਮ ਸਿਮਰਨ ਦੇ ਧੁਰੇ ਨਾਲ ਜੁੜੀ ਸੁਖਮਨੀ ਸਾਹਿਬ ਦੀ ਬਾਨੀ ਵਿਚ ਅਧਿਆਤਮਕ ਮਾਰਗ ਨਾਲ ਜੁੜੇ ਅਨੇਕ ਸਿਰਨਾਵੇਂ ਵਿਸ਼ੇਸਣਾਂ ਦੀ ਪਰੀਭਾਸ਼ਾ ਮਿਲਦੀ ਹੈ। ਅਜੇਹੀਆਂ ਪਰੀਭਾਸ਼ਾਵਾਂ ਨਾਲ ਸਾਧਕ ਨੂੰ ਸਹੀ ਸੇਧ ਮਿਲਦੀ ਹੈ ਅਤੇ ਸਮਾਜ ਨੂੰ ਤੁਲਨਾਤਮਕ ਪਹਿਚਾਨ ਕਰਨ ਦੀ ਸੂਝ ਮਿਲਦੀ ਹੈ।

ਅਠਾਰਵੇਂ ਸ਼ਲੋਕ ਅਨੁਸਾਰ-

*ਸਤਿ ਪੁਰਖੁ ਜਿਨਿ ਜਾਨਿਆ*
*ਸਤਿਗੁਰੁ ਤਿਸ ਕਾ ਨਾਉ।*
*ਤਿਸਕੈ ਸੰਗਿ ਸਿਖੁ ਉਧਰੈ*
*ਨਾਨਕ ਹਰਿ ਗੁਨ ਗਾਉ॥*

ਇਸ ਅਸ਼ਟਪਦੀ ਦਾ ਦੂਜਾ ਪਦ ਸਪਸ਼ਟ ਰੂਪ ਵਿਚ ਗੁਰੂ ਦੇ ਦਰ ਤੇ ਰਹਿਣ ਵਾਲੇ ਸਿੱਖ ਸੇਵਕ ਦੀ ਪਰੀਭਾਸ਼ਾ ਨਿਸ਼ਚਿਤ ਕਰਦਾ ਹੈ। ਅੱਜ ਜਦੋਂ ਗੁਰੂ ਦਰ ਦੇ ਰੂਪ ਵਿਚ ਗੁਰਦਵਾਰੇ ਹੋਂਦ ਵਿਚ ਆਏ ਹਨ ਅਤੇ ਇਨ੍ਹਾਂ ਦੀ ਸੇਵਾ ਜੁਗਤਾਂ ਨਾਲ ਜੁੜੇ ਹਰੇਕ ਸਿੱਖ ਸੇਵਕ ਲਈ ਇਸ ਪਰਿਭਾਸ਼ਾ ਨਾਲ ਪਰਿਚਿਤ ਹੋਣਾ ਜ਼ਰੂਰੀ ਹੈ।

*ਗੁਰ ਕੈ ਗ੍ਰਿਹਿ ਸੇਵਕ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸੁ ਕਉ ਹੋਤ ਪਰਾਪਤਿ ਸੁਆਮੀ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥2॥*

ਇਸ ਪਦ ਦਾ ਅਰਥ ਕਰਨ ਦੀ ਸਮਰੱਥਾ ਸੁਬੁੱਧ ਪਾਠਕਾਂ ਦੇ ਗਿਆਨ ਅਨੁਸਾਰ ਸਵੀਕਾਰ ਕਰਨਾ ਹੀ ਗੁਰਮਤਿ ਹੈ। ਸਪਸ਼ਟ ਹੈ ਕਿ ਗੁਰਬਾਨੀ ਦੀ ਦਸੀ ਗੁਰਮਤਿ ਅਨੁਸਾਰ ਅਮਲੀ ਜੀਵਨ ਦਾ ਆਦਰਸ਼ ਬਹੁਤ ਜ਼ਰੂਰੀ ਹੈ "ਅਜਿਹੇ ਆਦਰਸ਼ ਭਰੇ ਜੀਵਨ ਵਾਲੇ ਗੁਰੂ ਲਾਡਲਿਆਂ ਦਾ ਪੰਥ ਤੇ ਸਮਾਜ ਨੇ ਭਰਵਾਂ ਸਤਿਕਾਰ ਹਮੇਸ਼ਾ ਹੀ ਕੀਤਾ ਹੈ। ਗੁਰਦਵਾਰਿਆਂ ਵਿਚ ਸੇਵਾ ਟਹਿਲ ਦੇ ਹਰੇਕ ਅੰਗ ਨਾਲ ਜੁੜੇ ਵਿਅਕਤੀ ਦੇ ਵਿਵਹਾਰ ਵਿਚ ਨਿਰਮਲ ਨਿਰਮਾਨਤਾ ਅਤੇ ਸਵਾਸ ਸਿਮਰਨ ਅਭਿਆਸ ਦੀ ਲੋੜ ਅੱਜ ਦੇ ਸੰਸਾਰ ਵਿਚ ਵਧੇਰੇ ਹੈ। ਅਜਿਹਾ ਤਾਂ ਹੀ ਸੰਭਵ ਹੈ ਜੇਕਰ ਪ੍ਰਬੰਧਕ ਵਰਗਾਂ ਵਲੋਂ ਅਜਿਹੇ ਟਹਿਲੂਆਂ ਦੇ ਜੀਵਨ ਹੁਲਾਰੇ ਦਾ ਸਨਮਾਨ ਜਨਕ ਪ੍ਰਬੰਧ ਹੋਣ ਦੀ ਪਹਿਲੀ ਸ਼ਰਤ ਪੂਰੀ ਕੀਤੀ ਜਾਵੇ। ਦੂਜੀ ਸ਼ਰਤ ਇਹ ਹੈ ਕਿ ਅਜਿਹੇ ਸੇਵਾਦਾਰਾਂ ਨੂੰ ਸਿਆਸੀ ਹੱਥਕੰਡਿਆਂ ਅਤੇ ਦਖਲ ਅੰਦਾਜ਼ੀਆਂ

ਤੋਂ ਮੁਕਤ ਰੱਖਿਆ ਜਾਵੇ।

ਸੁਆਲ ਇਹ ਉਠਦਾ ਹੈ ਕਿ ਅਜੋਕੇ ਮਾਹੌਲ ਵਿਚ ਅਜਿਹੇ ਪ੍ਰਬੰਧ ਅਤੇ ਆਦਰਸ਼ ਸੰਭਵ ਹਨ? ਇਸ ਦਾ ਉਤਰ ਸਪਸ਼ਟ ਹੈ ਕਿ ਸਿੱਖ ਧਰਮ ਦੇ ਆਦਰਸ਼ ਵਿਕਾਸ ਲਈ ਇਹ ਪਹਿਲੀ ਮੂਲ ਭੂਤ ਜ਼ਰੂਰਤ ਹੈ। ਇਸ ਤਰ੍ਹਾਂ ਦੇ ਗੁਰਮਤਿ-ਅਮਲ-ਅਭਿਆਸ ਨਾਲ ਹੀ ਅਸੀਂ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਵਾਸਤਵਿਕ ਰੂਪ ਵਿਚ ਗੁਰੂ ਘੋਸ਼ਿਤ ਕਰਨ ਵਿਚ ਸਮਰਥ ਹੋਵਾਂਗੇ। ਇਹ ਸੰਵਾਦ ਕੇਵਲ ਉਪਰੋਕਤ ਵਿਚਾਰ-ਵਿਆਖਿਆ ਤੱਕ ਹੀ ਸੀਮਤ ਨਹੀਂ। ਜਿਹੜੇ ਗੁਰੂ ਸਿੱਖਾਂ ਨੇ ਆਪਣੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਆਪਣੇ ਦੈਨਿਕ ਜੀਵਨ ਨੂੰ ਸਵੇਰੇ ਲਏ ਗੁਰੂ ਵਾਕ ਅਨੁਸਾਰ ਆਧਾਰਿਤ ਤੇ ਨਿਯਮਿਤ ਸਮਝਦੇ ਹਨ, ਅਜਿਹੇ ਵੀਰਾਂ ਨੂੰ ਵੀ ਗੁਰੂ ਗ੍ਰਿਹ ਦੇ ਸੇਵਕ ਹੋਣ ਦਾ ਮਾਣ ਆਦਰਸ਼ ਅੱਖਾਂ ਤੋਂ ਉਹਲੇ ਨਹੀਂ ਹੋਣ ਦੇਣਾ ਚਾਹੀਦਾ।

ਗੁਰਬਾਣੀ ਦਾ ਪਾਠ ਕਰਨਾ ਬਹੁਤ ਜ਼ਰੂਰੀ ਹੈ ਅਤੇ ਸਾਡੇ ਮਾਨਸਿਕ ਵਿਕਾਸ ਦਾ ਇਕੋ ਇਕ ਰਾਹ ਗੁਰਬਾਣੀ ਗੁਰਮਤਿ ਤੋਂ ਮਿਲਦਾ ਹੈ। ਗੁਰਬਾਣੀ ਦੇ ਸਾਰੇ ਬਿੰਬ-ਪ੍ਰਤੀਕ ਸਮਾਜ ਵਿਚੋਂ ਲਏ ਗਏ ਹਨ ਇਸ ਕਰਕੇ ਸ਼ਾਂਤ, ਸੁਘੜ ਤੇ ਸੰਤੁਲਿਤ ਜੀਵਨ ਦੀ ਜਾਚ ਗੁਰਬਾਣੀ ਵਿਚਾਰ ਤੋਂ ਹੀ ਮਿਲ ਸਕਦੀ ਹੈ। ਅਗਲਾ ਰਸਤਾ ਆਤਮਿਕ ਵਿਕਾਸ ਜਾਂ ਆਤਮ ਖੋਜ ਹੈ ਜਿਸ ਲਈ ਗੁਰਬਾਣੀ ਦਾ ਸਾਗਰ ਅਨੇਕਾਂ ਸ਼ਬਦਾਂ ਰਾਹੀਂ ਬੋਹਿਥਾ ਬਣ ਜਾਂਦਾ ਹੈ। ਪਰ ਲੋੜ ਹੈ ਆਪਣੀਆਂ ਮਨ ਦੀਆਂ ਸਾਰੀਆਂ ਬਿਰਤੀਆਂ ਨੂੰ ਗੁਰੂ ਰੂਪੀ ਗੁਰਬਾਣੀ ਦਾ ਦਾਸ ਬਣਾ ਕੇ ਸਿਮਰਨ ਸਮਰੱਥਾ ਦੇ ਵਿਕਾਸ ਕਰਨ ਦੀ। ਅਜਿਹੀ ਸਮਰਥਾ ਪ੍ਰਾਪਤ ਕਰਨ ਲਈ ਗੁਰਸਿੱਖ ਲਈ ਅਰਦਾਸ ਹੀ ਸਭ ਤੋਂ ਉੱਤਮ ਵਸੀਲਾ ਹੈ। ਹਰ ਰੋਜ਼, ਹਰ ਸਮੇਂ ਸਬਬ ਤੇ ਮਨ ਹੀ ਮਨ ਅਜਿਹੀ ਅਰਦਾਸ ਜੋਦੜੀ ਜ਼ਰੂਰ ਰੰਗ ਲਿਆਉਂਦੀ ਹੈ। ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਨਿਜੀ ਮਨਸਾ ਵਿਕਾਸ ਲਈ ਕਿਸੇ ਇਬਾਰਤ ਦੀ ਲੋੜ ਨਹੀਂ ਸਗੋਂ ਲੋੜ ਭਰੀ ਹੂਕ ਪੁਕਾਰ ਛੇਤੀ ਸੁਣੀ ਜਾਂਦੀ ਹੈ।

ਗੁਰਬਾਣੀ ਦਾ ਪਾਠ ਕਰਨਾ ਹਰੇਕ ਸਿੱਖ ਦਾ ਨਿਤਨੇਮੀ ਕਰਤਬ ਹੈ ਪਰ ਇਹ ਫਰਜ਼ ਤਾਂ ਹੀ ਸਾਰਥਕ ਹੁੰਦਾ ਹੈ ਜਦੋਂ ਗੁਰਬਾਣੀ ਨੂੰ ਵਿਚਾਰ ਕੇ ਪੜ੍ਹਿਆ ਜਾਵੇ ਅਤੇ ਉਸਦੇ ਆਦੇਸ਼ ਅਨੁਸਾਰ ਜੀਵਨ ਧਾਰਾ ਨੂੰ ਸਵਾਰਿਆ ਜਾਵੇ। ਅਜੇਹੀ ਸਿੱਖਿਆ ਲੈ ਕੇ ਹੀ ਇਕ ਸਿੱਖ ਗੁਰੂ ਦਾ ਸੱਚਾ ਸਿੱਖ ਸਦਵਾ ਕੇ ਗੁਰਬਾਣੀ ਨੂੰ ਗੁਰੂ ਰੂਪ ਜਾਣ ਕੇ ਸਾਰਥਕ ਮਾਨਿਅਤਾ ਦੇ ਸਦਕਾ ਹੈ।

*ਗੁਰ ਮਿਲਿ ਚਜੁ ਆਚਾਰ ਸਿਖੁ*
*ਤੁਧੁ ਕਦੇ ਨ ਲਗੈ ਦੁਖੁ॥*

(ਪੰਨਾ- 50)

*ਉਪਦੇਸਿ ਜਿ ਦਿਤਾ ਸਤਿਗੁਰੂ*
*ਸੋ ਸੁਣਿਆ ਸਿਖੀ ਕੰਨੇ॥*
*ਜਿਨ ਸਤਗੁਰ ਕਾ ਭਾਣਾ ਮੰਨਿਆ*
*ਤਿਨ ਚੜੀ ਚਵਗਣਿ ਵੰਨੇ॥*
*ਇਹ ਚਾਲ ਨਿਰਾਲੀ ਗੁਰਮੁਖੀ*
*ਗੁਰ ਦੀਖਿਆ ਸੁਣਿ ਮਨੁ ਭਿੰਨੇ॥*

(ਪੰਨਾ 314)

# 21ਵਾਂ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ

**ਗੁਰਜੰਤ ਸਿੰਘ ਰਾਹੀ**
ਪ੍ਰਿੰਸੀਪਲ, ਗੁਰਮਤਿ ਸੰਗੀਤ ਵਿਦਿਆਲਾ
ਬੀ-367, ਸੇਖੂਪੁਰਾ, ਸੁਨਾਮੀ ਗੇਟ, ਸੰਗਰੂਰ

ਜਦੋਂ ਵੀ ਕੀਰਤਨ ਦਾ ਜ਼ਿਕਰ ਹੋਵੇ ਝਟ ਭਾਈ ਮਰਦਾਨਾ ਜੀ ਦੀ ਤਸਵੀਰ ਅੱਖਾਂ ਅੱਗੇ ਆ ਜਾਂਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਿਆਰਾ ਸਾਥੀ ਜੋ ਗੁਰੂ ਨਾਨਕ ਦੀ ਬਾਣੀ ਨਾਲ ਰਬਾਬ ਤੇ ਸਾਰੀ ਉਮਰ ਸੰਗਤ ਕਰ ਰਹੇ। ਗੁਰੂ ਨਾਨਕ ਦੀ ਅਪਾਰ ਬਖਸ਼ਸ਼ ਦੇ ਪਾਤਰ ਬਣੇ ਅਤੇ ਜਿਨਾਂ ਨੂੰ 'ਭਾਈ ਮਰਦਾਨਾ' ਦੀ ਉਪਾਧੀ ਨਾਲ ਨਿਵਾਜਿਆ ਗਿਆ। ਭਾਈ ਗੁਰਦਾਸ ਜੀ ਨੇ 'ਰਬਾਬੀ ਮਰਦਾਨਾ' ਕਹਿ ਕੇ ਸਤਿਕਾਰਿਆ। ਗੁਰੂ ਨਾਨਕ ਪਾਤਸ਼ਾਹ ਵਲੋਂ ਬਖਸ਼ੀ ਸੰਗੀਤ ਦੀ ਦਾਤ ਰਾਗ ਦੀ ਸੋਝੀ ਅੱਜ ਤੱਕ ਸੀਨਾ-ਬ-ਸੀਨਾ ਚਲੀ ਆ ਰਹੀ ਹੈ। ਸ੍ਰੀ ਗੁਰੂ ਹਰਿ ਗੋਬਿੰਦ ਜੀ ਮੀਰੀ ਪੀਰੀ ਦੇ ਮਾਲਕ ਦੇ ਚਰਨਾਂ ਦੀ ਛੋਹ ਪਰਾਪਤ ਨਗਰ ਬੋਦਲਾਂ ਜਿਥੇ ਗੁਰਦੁਆਰਾ ਗਰਨਾ ਸਾਹਿਬ ਸ਼ਸੋਬਿਤ ਹੈ। ਜਿਥੋਂ ਦੇ ਵਸਨੀਕ ਭਾਈ ਚੂਹੜ ਮਿਰਾਸੀ ਨੂੰ 'ਰਬਾਬ' ਬਖਸ਼ ਕੇ ਕੀਰਤਨ ਦੀ ਦਾਤ ਬਖਸ਼ੀ ਗੁਰੂ ਕੇ ਦਿਤੇ ਅਸ਼ੀਰਵਾਦ ਅੱਜ ਵੀ ਫਲੀਭੂਤ ਹਨ ਬੋਦਲਾਂ ਦੇ ਭਾਈ ਬੂਟਾ ਸਿੰਘ ਦੇ ਘਰ ਭਾਈ ਦਿਲਬਾਗ ਸਿੰਘ ਗੁਲਾਬਾਗ ਸਿੰਘ ਦਵਿੰਦਰ ਸਿੰਘ ਪੈਦਾ ਹੋਏ ਜਿਨ੍ਹਾਂ ਨੂੰ ਕੀਰਤਨ ਅਤੇ ਰਾਗ ਬਖਸ਼ਿਸ਼ ਹੋਇਆ ਜਿਨਾਂ ਆਪਣੇ ਸੰਗੀਤਕ ਰਿਆਜ਼ ਨਾਲ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਮੰਤਰ ਮੁਗਧ ਕੀਤਾ ਅਤੇ ਸੰਗਤਾਂ ਨੇ ਵੀ ਗੁਰੂ ਕੇ ਕੀਰਤਨੀਆਂ ਨੂੰ ਧਨ, ਮਾਲ ਪਿਆਰ ਅਤੇ ਸਤਿਕਾਰ ਨਾਲ ਮਾਲੋਮਾਲ ਕੀਤਾ।

ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਜੀ ਸਾਰਾ ਪ੍ਰੀਵਾਰ ਪਿਛਲੇ 20 ਸਾਲਾਂ ਤੋਂ ਭਾਈ ਮਰਦਾਨਾ ਜੀ ਦੀ ਯਾਦ ਵਿਚ ਕੀਰਤਨ ਦਰਬਾਰ ਕਰਵਾ ਕੇ ਆਪਣਾ ਫਰਜ਼ ਅਦਾ ਕਰਦੇ ਆ ਰਹੇ ਹਨ। ਇਸ ਵਾਰ ਇਹ 21ਵਾਂ ਸਮਾਗਮ 31 ਜਨਵਰੀ ਨੂੰ ਗੁਰਦੁਆਰਾ ਗਰਨਾ ਸਾਹਿਬ ਵਿਖੇ ਬਸੰਤ ਰਾਗ ਨੂੰ ਸਮਰਪਤ ਸੀ। ਗੁਰਦੁਆਰਾ ਗਰਨਾ ਸਾਹਿਬ ਦੇ ਸ਼ਾਨਦਾਰ ਹਾਲ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀ ਸ਼ੁਰੂਆਤ ਭਾਈ ਬਲਬੀਰ ਸਿੰਘ ਜੀ ਹਜ਼ੂਰੀ ਰਾਗੀ ਗੁ. ਗਰਨਾ ਸਾਹਿਬ ਨੇ ਰਾਗ ਬਸੰਤ ਗਾ ਕੇ ਕੀਤੀ। ਕੀਰਤਨ ਦਾ ਅਖਾੜਾ ਮਘਿਆ ਪ੍ਰੋ. ਅਵਤਾਰ ਸਿੰਘ, ਅਮਰਦੀਪ ਸਿੰਘ ਦੇ ਰਾਗੀ ਜਥੇ ਨੇ ਬਸੰਤ ਗਾ ਕੇ ਆਪਣੀ ਹਾਜ਼ਰੀ ਲੁਆਈ ਅਤੇ ਇਹ ਸਿਧ ਕਰ ਦਿਤਾ ਕਿ ਇਨ੍ਹਾਂ ਦਾ ਗਾਇਨ ਵਿਚ ਸਥਾਨ ਹੈ। ...

ਇਹ ਨੌਜਵਾਨ ਜੋੜੀ ਰਾਗ ਦੀਆਂ ਬਰੀਕੀਆਂ ਤੋਂ ਜਾਣੂ ਹੈ। ਜੇ ਇਉਂ ਕਹਿ ਲਈਏ ਇਹ ਕੱਲ ਦੇ ਦਿਲਬਾਗ ਗੁਲਬਾਗ ਸਿੰਘ ਹਨ। ਕਾਕਾ ਕੁਲਦੀਪ ਸਿੰਘ ਬੂਟਾ ਵਲੋਂ ਤਬਲਾ ਸੋਲੋ ਏਕਤਾਲ ਵਜ਼ਾ ਕੇ ਆਪਣੀ ਹਾਜਰੀ ਲਵਾਈ। ਇਸ ਸਾਰੇ ਦਾ ਮੰਚ ਸੰਚਾਲਨ ਪ੍ਰੋ. ਬਲਦੇਵ ਸਿਘ ਯੂ. ਕੇ. ਨੇ ਕੀਤਾ। ਬਾਦ ਵਿਚ ਸ. ਤੀਰਥ ਸਿੰਘ ਢਿਲੋਂ ਦੂਰਦਰਸ਼ਨ ਜਲੰਧਰ ਨੇ ਕੀਤਾ। ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਆਪਣੀ ਹਾਜਰੀ ਲੁਆਈ। ਭਾਈ ਰਣਬੀਰ ਸਿੰਘ, ਭਾਈ ਰਣਜੀਤ ਸਿੰਘ ਹੁਰਾਂ ਨੇ ਰਾਗ ਅਧਾਰਿਤ ਗੁਰਬਾਣੀ ਦਾ ਗਾਇਨ ਕੀਤਾ। ਦਿੱਲੀ ਤੋਂ ਸ਼ਮਸੇਰ ਸਿੰਘ 'ਮਹਿੰਦੀ' ਤਬਲਾ ਵਾਦਕ ਨੇ ਤਬਲਾ ਸੋਲੋ ਤੀਨ ਤਾਲ ਪੇਸ਼ ਕੀਤਾ। ਕਹਿੰਦੇ ਹਨ "ਰਾਗ ਰਸੋਈ ਪਾਗ ਕਭੀ ਕਭੀ ਬਨ ਜਾਏ" ਦੇ ਅਨੁਸਾਰ ਐਨਾ ਨਾਮੀ ਤਬਲਾ ਵਾਦਕ ਸਿਖਰ ਨੂੰ ਨਾ ਛੂਹ ਸਕਿਆ। ਇਨ੍ਹਾਂ ਨਾਲ ਲਹਿਰਾ ਭਾਈ ਗੁਲਬਾਗ ਸਿੰਘ ਨੇ ਵਜਾਇਆ। ਫੇਰ ਭਾਈ ਹਰਜੀਤ ਸਿੰਘ ਬਿਟੂ ਪਿਛੇ ਕਿਉਂ ਰਹੇ। ਉਸ ਵੀ ਪੰਜ ਕੁ ਮਿੰਟ ਰੂਪਕ ਤਾਲ ਵਜਾ ਕੇ ਕਾਇਦਾ, ਬੋਲ ਕੇ ਅਤੇ ਵਜਾ ਕੇ ਸੁਣਾਇਆ। ਭਾਈ ਸੁਰਜੀਤ ਸਿੰਘ ਨੇ ਸੁਰੀਲੇ ਗਲੇ ਦੁਆਰਾ ਗੁਰਬਾਣੀ ਕੀਰਤਨ ਕੀਤਾ। ਭਾਈ ਦਵਿੰਦਰ ਸਿੰਘ ਨੂਰ, ਭਾਈ ਜਗਜੀਤ ਸਿੰਘ ਕੋਮਲ ਦੇ

ਰਾਗੀ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਆਏ ਅਮਰੀਕਣ ਸਿੰਘ ਤੇ ਸਿੰਘਣੀਆਂ ਦਾ ਜਥਾ ਜਿਸ ਵਿਚ ਕੁਲ 12 ਮੈਂਬਰ ਸਨ ਪਹਿਲਾਂ ਤਾਂ ਉਹ ਸਿਖੀ ਲਿਬਾਸ ਵਿਚ ਫਬ ਹੀ ਬਹੁਤ ਰਹੇ ਸਨ। ਗੋਰੇ ਨਿਛੋਹ ਖੁਲ੍ਹੀਆਂ ਦਾੜ੍ਹੀਆਂ ਸਿਰਾਂ ਤੇ ਖਾਲਸਾਈ ਦੁਮਾਲੇ ਚਕਰਾਂ ਸਮੇਤ ਸਜਾਏ ਹੋਏ ਜੀ ਕਰੇ ਵੇਖਦੇ ਰਹੀਏ। ਜਦੋਂ ਵਾਰੀ ਆਈ ਕੀਰਤਨ ਦੀ ਬੀਬੀਆਂ ਨੇ 'ਬੋਲੋ ਸਚ ਨਾਮ ਕਰਤਾਰ' ਦਾ ਸ਼ਬਦ ਗਾਇਨ ਕੀਤਾ। ਐਨੀਆਂ ਪਿਆਰੀਆਂ ਲੱਗਣ ਜਿਵੇਂ ਮੂੰਹੋਂ ਫੁਲ ਗਿਰਦੇ ਹੋਣ। ਏਸੇ ਜਥੇ ਵਲੋਂ ਗਾਈ ਪੜਤਾਲ ਅਤੇ ਤਬਲੇ ਦੀ ਸੰਗਤ ਸੁਣ ਕੇ ਮੈਂ ਕੁਝ ਸੋਚਣ ਲਈ ਮਜ਼ਬੂਰ ਹੋ ਗਿਆ। ਕਿ ਲਗਨ ਅਤੇ ਮਿਹਨਤ ਅੱਗੇ ਕੋਈ ਕੰਮ ਨਾ ਮੁਮਕਿਨ ਨਹੀਂ ਹੁੰਦਾ। ਪ੍ਰੋ. ਯਸ਼ਪਾਲ ਸਾਬਕਾ ਮੁਖੀ ਸੰਗੀਤ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਰਾਗ ਤੋੜੀ ਵਿਚ ਸ਼ਬਦ ਗਾ ਕੇ ਆਪਣੀ ਹਾਜ਼ਰੀ ਲੁਆਈ। ਤਬਲੇ ਦੀ ਸੰਗਤ ਭਾਈ ਇਕਬਾਲ ਸਿੰਘ ਰੋਜੀ ਨੇ ਕੀਤੀ। ਸੰਤ ਬਾਬਾ ਕਰਨੈਲ ਸਿੰਘ ਜੀ ਜਵੱਦੀ ਕਲਾਂ ਵਾਲੇ ਆਪਣੇ ਰਾਗੀ ਜੱਥੇ ਸਮੇਤ ਹਾਜ਼ਰ ਹੋਏ। ਭਾਈ ਦਿਲਬਾਗ ਸਿੰਘ ਜੀ ਵਲੋਂ ਸੰਤਾਂ ਨੂੰ ਦੁਸ਼ਾਲੇ ਅਤੇ ਸ੍ਰੀ ਸਾਹਿਬ ਭੇਟ ਕੀਤੀ।

ਬੀਬੀ ਰਮਿੰਦਰ ਪਾਲ ਕੌਰ, ਗੁਰਨੂਰ ਕੌਰ, ਕਿਟੀ ਕਾਕਾ ਅਮਨਦੀਪ, ਕਾਕਾ ਅਮਰਿੰਦਰ ਸਿੰਘ ਰਾਗ ਸਰਸਵਤੀ ਅਤੇ ਕਾਕਾ ਸੋਨੂੰ ਦੀ ਤਬਲੇ ਤੇ ਕੀਤੀ ਸੰਗਤ ਨਾਲ ਸ਼ਬਦ ਗਾਇਨ ਸੁਣ ਕੇ ਇਹ ਯਕੀਨ ਹੋ ਗਿਆ ਕਿ ਗੁਰਬਾਣੀ ਨਿਰਧਾਰਤ ਰਾਗ ਗਾਇਨ ਦਾ ਵਰਤਮਾਨ ਵਧੀਆ ਹੈ ਤਾਂ ਇਸਦਾ ਭਵਿੱਖ ਵੀ ਓਜਲ ਹੋਵੇਗਾ। ਇਸ ਸਮਾਗਮ ਵਿਚ ਡਾ. ਜਗਜੀਤ ਸਿੰਘ ਚੌਹਾਨ, ਡਾ. ਹਰਜਿੰਦਰ ਜਖੂ, ਭਾਈ ਰਣਜੀਤ ਸਿੰਘ ਧਰਮੀ ਫੌਜੀ, ਜਥੇਦਾਰ ਬਲਬੀਰ ਸਿੰਘ ਤੇ ਕਾਲਾ ਸਿੰਘ ਮੈਂਬਰ S.G.P.C. ਹਾਜਰ ਰਾਹੀਂ। ਤਬਲੇ ਦੇ ਉਸਤਾਦ ਜਫਰ ਹੁਸੈਨ ਦਾ ਸਨਮਾਨ ਕੀਤਾ ਗਿਆ। ਭਾਈ ਹਰਚਰਨ ਸਿੰਘ ਫਕਰ ਪਟਿਆਲੇ ਵਾਲਿਆਂ ਨੇ ਬਸੰਤ ਗਾਇਆ ਇਨ੍ਹਾਂ ਦਾ ਕੀਰਤਨ ਪ੍ਰੋਗਰਾਮ ਦਾ ਸ਼ਿਖਰ ਹੋ ਨਿਬੜਿਆ। ਜਿਥੇ ਹਜਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਦੂਰੋ ਨੇੜਿਓਂ ਆ ਕੇ ਆਪਣੀ ਹਾਜਰੀ ਲੁਆਈ ਉਥੇ ਬੀਬੀ ਨੀਲਮ ਕੌਰ ਅਤੇ ਸ. ਬਲਦੇਵ ਸਿੰਘ ਪ੍ਰੀਵਾਰ ਸਮੇਤ ਉਚੇਚੇ ਤੌਰ ਤੇ ਇੰਗਲੈਂਡ ਤੋਂ ਆਏ ਅਤੇ ਆਖੰਡ ਪਾਠ ਸਾਹਿਬ ਦੀ ਸੇਵਾ ਕੀਤੀ। ਗੁਰੂ ਕਾ ਲੰਗਰ ਅਤੇ ਚਾਹ ਦਾ ਅਤੁਟ ਲੰਗਰ ਵਰਤਿਆ। ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਐਨਾ ਵਧੀਆ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਜਿਥੇ ਸੰਗਤਾਂ ਨੇ ਗੁਰਬਾਣੀ ਕੀਰਤਨ ਦੁਆਰਾ ਰੂਹ ਦੀ ਪਿਆਸ ਬੁਝਾਈ ਉਥੇ ਕੁਦਰਤ ਨੇ ਆਪਣੀ ਖੁਸ਼ੀ ਦਾ ਇਜਹਾਰ ਮੀਂਹ ਵਰਸਾ ਕੇ ਕੀਤਾ। ਧਰਤੀ ਨੇ ਆਪਣੀ ਪਿਆਸ ਬੁਝਾਈ। ਕਿਸਾਨ ਕਹਿ ਰਹੇ ਸਨ ਸ਼ੁਕਰ ਹੈ ਤੁਸੀਂ ਕੀਰਤਨ ਕੀਤਾ ਸਾਡੀਆਂ ਕਣਕਾਂ ਨੂੰ ਮੀਂਹ ਨਸੀਬ ਹੋਇਆ। ਮੀਂਹ ਪਇਆ ਪਰਮੇਸ਼ੁਰ ਪਾਇਆ।

# Guru Nanak Dev's Concept of Universal Humanity

**Joginder Singh**
N. 59, Panchshila Park
New Delhi 110 017

*Katak Puranmashi*, the night of the full moon, the sky with numerous stars and galaxies is like a salver decorated with pearls wherein moon is the sacred lamp. On this auspicious day falls the birth anniversary of Guru Nanak Dev, the saviour of mankind and messiah of peace & universal brotherhood.

Guru Nanak came into this world in 1469 A.D., lived a life of about 70 years and after completing his mission as ordained by God, merged with the Almighty in the year 1539 A.D. The divine light continued to glow in the Guru's heart right from childhood. At the age of 36 years, the Guru experienced an encounter with God and he recited '***Mool Mantra***' in praise of the Almighty bringing out His transcendental and immanent traits. Later at Kartarpur in spiritual ecstasy he rendered '***Japji***' in the form of *Bani* indicating the path to salvation, for the benefit of the believers. The whole philosophy of Guru Granth Sahib, the holy scripture of the Sikhs, is an elucidation of '***Japji***' which is the very first hymn of the Granth. It is indeed a unique spiritual phenomenon that all subsequent Gurus whose hymns are incorporated in the holy Granth Sahib, never mentioned their names to indicate authorship of those hymns. All were recited in the name of Nanak. A complete obliteration of '***Ego***' on the part of the Gurus! Guru Nanak had adopted a Muslim bard named 'Mardana' and a Hindu jat by the name of 'Bala' as his constant companions when travelling extensively on his missionary tours in India and foreign lands going upto Mecca & Medina, covering a good part of the world. Mardana would play on the *Rabab* whenever the Guru would, on spiritual inspiration sing the 'Celestial Word' extempore. Ultimately the enlightened one settled at Kartarpur as a farmer continuing to live a truthful life and praying for his beloved followers.

On His edification, Guru Nanak made the following pronouncements:

***Ek Onkar Sat Naam***

God is one and His name is Truth

***Na koi Hindu na Musalman;***
***Ek Pita ekis ke ham barik.***

There is no Hindu. There is no Musalman;

There is one father and we are His children.

***Nanak uttam neech na koi***

There is no one high or low, sayeth Nanak.

The pronouncements of Guru Nanak were indeed prophetical looking to the turmoil and hatred prevailing in the world today. If we ponder and celebrate, it becomes clear that the Guru's words serve as spiritual alchemy for transformation of baser individuals into noble human beings. Astounding oceanic wisdom is compressed in the apparently simple utterances of the Guru. Humanity is the universal brotherhood lovingly created by God. Guru envisaged living together in the world in harmony always looking for ways to achieve the common good. He emphasized that all human beings who believe in Him are one. Ravi Das a cobbler, by his divine awakening came to be known as 'Bhagat Ravi Das' and his *Bani* found place in Guru Granth Sahib. The holy Granth Sahib also enshrines the bani of Muslim sufis and saints like Kabir Sahib and Sheikh Farid.

Guru Nanak preached that everyone should become a true follower of his own faith and tread the path shown by their respective preceptors.

God is one and the only one. The rest is all an illusion. ***Mool Mantra*** commences with the words '***Ek Onkar***', to stress the concept of one Cosmos. God is 'Truth', the whole 'Truth'. This is so because even if there is one percent dilution of truth with untruth, it no longer remains a truth. Truth has to be absolutely pure before it can be termed as the truth. Hence the pronouncement of Guru Nanak in Mool Mantra- "Ek Onkar Sat Naam".

Guru Nanak visualized that only casteless humanity as created by God can be at peace with itself and live as a brotherhood. Concepts of high and low, mighty and the meek, bring about intolerance and conflict in the world. The Guru, accordingly initiated a casteless fraternity of his followers, the Sikhs. Guru Nanak apart from emphasizing the efficacy of '***Naam Simran***' (reciting God's name), introduced the custom of '***Sangat***' and '***Pangat***' (sitting together for worship of God and eating together in an organized fellowship irrespective of caste or creed). Guru thus started a synthesizing and a unifying movement on a secular basis.

Guru Nanak sermonized that acquiring 'Inner peace' and equipoise is a prerequisite to the attainment of salvation. He advised that altruistic life and 'Naam Simran' in solitude at the morning ambrosial hours brings forth 'Inner peace'. It is then and then alone, the journey towards the Divine commences.

# ਸੁਰ ਲਿਪੀਆਂ

## ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ

**ਜਵੱਦੀ ਟਕਸਾਲ, ਲੁਧਿਆਣਾ**

**ਰਾਗ ਆਸਾ:** ਗੁਰਮਤਿ ਸੰਗੀਤ ਪੱਧਤੀ ਵਿਚ, ਆਸਾ, ਬੜਾ ਮਹੱਤਵਪੂਰਨ ਰਾਗ ਹੈ। ਆਸਾ ਰਾਗ ਦੀਆਂ, ਮਧੁਰ ਸੁਰਾਵਲੀਆਂ, ਪੰਜਾਬ ਦੀ ਪਵਿੱਤਰ ਧਰਤੀ ਦੇ, ਕਣ-ਕਣ ਵਿਚੋਂ ਸੁਣਾਈ ਦਿੰਦੀਆਂ ਹਨ। ਹਰ ਪ੍ਰਭਾਤ ਦੀਆਂ ਸੁਨਹਿਰੀ ਕਿਰਨਾਂ, ਇਸੇ ਰਾਗ ਦੀ ਮਧੁਰ ਧੁਨੀ ਨਾਲ ਪ੍ਰਵੇਸ਼ ਕਰਦੀਆਂ ਹਨ ਅਤੇ ਹਰ ਸ਼ਾਮ ਦੀ ਲਾਲੀ ਜਦੋਂ ਕੁਦਰਤਿ ਦੀ ਗੋਦ ਵਿਚ ਲੁਕਣ ਲਗਦੀ ਹੈ ਤਾਂ ਇਸੇ ਰਾਗ ਦੀਆਂ ਮਧੁਰ ਸੁਰਾਵਲੀਆਂ ਦੁਆਰਾ ***ਬਲਿਹਾਰੀ ਕੁਦਰਤਿ ਵਸਿਆ*** ਦੀ ਕੀਰਤੀ ਗਾਉਂਦੀਆਂ ਹਨ। ਪੁਰਾਤਨ ਜਾਂ ਮਧ ਕਾਲੀਨ ਗ੍ਰੰਥਾਂ ਵਿਚ ਆਸਾ ਰਾਗ ਦਾ ਉਲੇਖ ਨਹੀਂ ਮਿਲਦਾ। ਇਸ ਰਾਗ ਨੂੰ ਸ਼ਾਸਤਰੀ ਰੂਪ ਪ੍ਰਦਾਨ ਕਰਨ ਵਿਚ ਬਾਬਾ ਫ਼ਰੀਦ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵਧ ਯੋਗਦਾਨ ਹੈ।

**ਅਰੋਹ** : ਸ, ਰੇ ਮ, ਪ, ਧ ਸਂ। **ਅਵਰੋਹ** : ਸਂ ਨੀ ਧ ਪ, ਮ, ਗ ਰੇ ਸ ਰੇ ਗ ਸ।

**ਸੁਰ** : ਅਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ, ਬਾਕੀ ਸਾਰੇ ਸ਼ੁਧ।

**ਵਾਦੀ** : ਮਧਿਅਮ **ਸੰਵਾਦੀ** : ਸ਼ੜਜ

**ਥਾਟ** : ਬਿਲਾਵਲ **ਜਾਤੀ** : ਔੜਵ-ਸੰਪੂਰਨ **ਸਮਾਂ** : ਸਵੇਰ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼

**ਮੁੱਖ ਅੰਗ** : ਰੇ ਮ, ਪ, ਧ ਸਂ, ਨੀ ਧ ਪ ਮ, ਗ ਸ ਰੇ ਗ ਸ।

**ਸੁਰ ਵਿਸਥਾਰ** :

1. ਸ, ਸ ਰੇ ਗ ਸ, ਸ ਨ਼ੀ ਧ਼ ਪ਼, ਪ਼ ਧ਼ ਨ਼ੀ ਧ਼, ਪ਼ ਧ਼ ਸ, ਸ ਰੇ ਗ ਰੇ ਗ ਸ, ਸ ਰੇ ਮ, ਮ ਪ, ਪ ਧ ਪ ਮ, ਗ ਰੇ ਗ ਸ।
2. ਰੇ ਮ, ਮ ਪ ਧ ਪ ਮ, ਪ ਧ ਨੀ ਧ ਪ, ਮ ਪ ਧ, ਪ ਧ ਸਂ, ਸਂ ਰੇਂ ਸਂ, ਸਂ ਰੇਂ ਗਂ ਰੇਂ ਗਂ ਸਂ, ਸਂ ਰੇਂ ਮਂ, ਗਂ ਰੇਂ ਗਂ ਸਂ, ਸਂ ਰੇਂ ਸਂ ਨੀ ਧ, ਪ ਧ ਸਂ ਨੀ ਧ ਪ, ਮ, ਪ ਮ ਗ, ਸ ਰੇ ਗ ਸ।

**ਤੀਨ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| *ਸਥਾਈ* | | | | | | ਸਰੇਂ | ਸਂਨੀ | ਧਨੀ | ਧਪ | ਮ | ਪ | - | ਧਨੀ | ਪ | ਧ |
| | | | | | | ੳऽ | ऽऽ | ਹਾऽ | ऽऽ | ऽ | ਪ੍ਰੇ | ऽ | ਮऽ | ऽ | ਧਿ |
| ਸਂ | - | - | - | - | - | - | - | ਸਂ | ਸਂ | ਸਂ | ਸਂ | ਸਰੇਂ | ਸਂਨੀ | ਧ | ਧ |
| ਗੀ | ऽ | ऽ | ऽ | ऽ | ऽ | ऽ | ऽ | ਕ | ਨਿ | ਕ | ਮਾ | ਣਿऽ | ਕऽ | ਗ | ਜ |
| - | ਪਧ | ਪ | ਮ | ਗਰੇ | ਗ | ਸ | ਸ | ਰੇ | - | ਮ | - | ਪ | - | ਧਨੀ | ਪਧ |
| ऽ | ਮੋਤੀ | ਅ | ਨ | ਲਾऽ | ऽ | ਲ | ਨ | ਨ | ऽ | ਹ | ऽ | ਨਾ | ऽ | ਹऽ | ਨऽ |
| ਸਂ | - | - | - | - | - | | | | | | | | | | |
| ਹੀ | ऽ | ऽ | ऽ | ऽ | ऽ | | | | | | | | | | |
| *ਅੰਤਰਾ* | | | | | | | | | | | | | | | |
| - | ਮ | ਮ | ਮ | - | ਪ | ਪ | ਪ | - | ਧਨੀ | ਪ | ਧ | - | ਸਂ | ਸਂ | ਸਂ |
| ऽ | ਰਾ | ਜ | ਨ | ऽ | ਭਾ | ਗ | ਨ | ऽ | ਹੁਕ | ਮ | ਨ | ऽ | ਸਾ | ਦ | ਨ |
| - | ਰੇਂਰੇਂ | ਰੇਂ | ਰੇਂ | ਰੇਂ | ਸਂ | ਸਂਗਂ | ਰੇਂਗਂ | ਸਂ | - | - | - | ਸਰੇਂ | ਸਂਨੀ | ਧ | ਪ |
| ऽ | ਕਿਛੁ | ਕਿ | ਛੁ | ਨ | ऽ | ਚਾऽ | ऽऽ | ਹੀ | ऽ | ऽ | ऽ | ऽऽ | ऽऽ | ऽ | ऽ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| - | ਸਂਸਂ | ਸਂ | ਰੇਂ | - | ਸਂਰੇਂ | ਮਂ | ਮਂ | - | ਗਂ | ਰੇਂ | ਸਂ | ਸਂਗਂ | ਰੇਂਗਂ | ਰੇਂ | ਸਂ |
| ऽ | ਚਰ | ਨ | ਨ | ऽ | ਸਰ | ਨ | ਨ | ऽ | ਸੰ | ਤ | ਨ | ਬੰऽ | ऽऽ | ਦ | ਨ |
| - | ਸਂ | ਸਂ | ਨੀਧ | - | ਧਧ | ਮ | ਪ | ਪ | - | - | - | - | ਧ | ਧ | ਧਪ |
| ऽ | ਸੁ | ਖੋ | ऽऽ | ऽ | ਸੁਖ | ऽ | ਪਾ | ਹੀ | ऽ | ऽ | ऽ | ऽ | ਨਾ | ਨ | ਕऽ |
| ਮਗ | ਗ | ਰੇ | ਗ | ਰੇ | - | ਸ | - | ਰੇ | - | ਮ | ਮ | ਪ | - | ਧਨੀ | ਪਧ |
| ऽऽ | ਤਪ | ਤਿ | ਹ | ਗੀ | ऽ | ऽ | ऽ | ਮਿ | ऽ | ਲੇ | ऽ | ਪ੍ਰੇ | ऽ | ਮऽ | ऽਪਿ |
| ਸਂ | - | - | - | - | - | | | | | | | | | | |
| ਗੀ | ऽ | ऽ | ऽ | ऽ | ऽ | | | | | | | | | | |

ਤਾਲ-ਦੀਪਚੰਦੀ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| X | | | 2 | | | | 0 | | | 3 | | | |
| ***ਸਥਾਈ*** | | | | | | | | | | | | | |
| ਪ | ਧ | - | ਮਮ | - | ਮ | - | ਪ | - | - | ਧਧ | ਨੀ | ਪ | ਧ |
| ਗਾ | ऽ | ऽ | ਮਈ | ऽ | ऽ | ऽ | ਆ | ऽ | ऽ | ਹਉ | ऽ | ऽ | ऽ |
| ਸਂ | - | - | ਸਂ | - | ਸਂ | ਰੇਂ | ਨੀ | - | - | ਧ | - | ਪ | - |
| ਬਾ | ऽ | ऽ | ਰਿ | ऽ | ऽ | ਕੁ | ਤੇ | ऽ | ऽ | ਗਾ | ऽ | ऽ | ऽ |
| ਧਾ | - | - | ਧ | - | - | ਧ | ਧ | - | - | ਧ | - | ਧਪ | ਮ |
| ਕਾ | ऽ | ऽ | ਹੇ | ऽ | ऽ | ਨ | ਖੰ | ऽ | ऽ | ਡ | ऽ | ऽऽ | ਸਿ |
| ਮ | ਪ | - | ਪ | - | - | ਧ | ਮ | ਪ | - | ਮ | ਮਗ | ਰੇਗ | ਸ |
| ਅ | ਵ | ऽ | ਗ | ऽ | ऽ | ਨ | ਮੇ | ऽ | ऽ | ऽ | ਗਾऽ | ऽऽ | ऽ |
| ***ਅੰਤਰਾ*** | | | | | | | | | | | | | |
| ਪ | ਪ | - | ਧ | ਨੀ | ਪ | ਧ | ਸਂ | - | - | ਸਂ | - | - | -ਸਂ |
| ਸੁ | ਤੁ | ऽ | ਅ | ऽ | ਪ | ऽ | ਰਾ | ऽ | ऽ | ਧ | ऽ | ऽ | ऽਕ |
| ਰੇਂ | - | - | ਰੇਂ | - | ਸਂ | - | ਸਂਗਂ | ਰੇਂਗਂ | - | ਸਂ | - | ਨੀਧ | ਪ |
| ਰ | ਤ | ऽ | ਹੈ | ऽ | ऽ | ऽ | ਜੇऽ | ऽऽ | ऽ | ਤੇ | ऽ | ऽऽ | ऽ |
| ਧ | ਧ | - | ਧ | - | - | - | ਧ | - | - | ਧ | - | ਪ | ਮ |
| ਜ | ਨ | ऽ | ਨੀ | ऽ | ऽ | ऽ | ਚੀ | ऽ | ऽ | ਤਿ | ऽ | ऽ | ਨ |
| ਮ | ਪ | - | ਪ | - | ਪ | ਧ | ਮ | ਪ | - | ਮ | ਮਗ | ਰੇਗ | ਸ |
| ਗਾ | ऽ | ऽ | ਖ | ऽ | ਸਿ | ऽ | ਤੇ | ऽ | ऽ | ਤੇ | ऽऽ | ऽऽ | ऽ |

| | | |
|---|---|---|
| ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥ | Gold, gems, elephant pearls and rubies;- No, no, I need them not. | ਸੋਨਾ, ਜਵਾਹਿਰਾਤ, ਹਾਥੀ ਦੇ ਮੱਥੇ ਵਿਚੋਂ ਨਿਕਲੇ ਮੋਤੀ ਅਤੇ ਲਾਲ, ਨਹੀਂ, ਨਹੀਂ, ਮੈਨੂੰ ਨਹੀਂ ਚਾਹੀਦੇ। |
| ਰਾਜ ਨ ਭਾਗ ਨ ਹੁਕਮ ਨ ਸਾਦਨ॥ ਕਿਛੁ ਕਿਛੁ ਨ ਚਾਹੀ ॥੨॥ | No empire, no fortune, no command and no relish; - None of these do I desire. | ਨਾ ਪਾਤਸ਼ਾਹੀ, ਨਾ ਧਨ-ਦੌਲਤ, ਨਾ ਫੁਰਮਾਨ ਤੇ ਨਾ ਹੀ ਸੁਆਦ, ਇਨ੍ਹਾਂ ਵਿਚੋਂ ਮੈਂ ਕਿਸੇ ਨੂੰ ਭੀ ਨਹੀਂ ਲੋੜਦਾ। |
| ਚਰਨਨ ਸਰਨਨ ਸੰਤਨ ਬੰਦਨ॥ ਸੁਖੋ ਸੁਖੁ ਪਾਹੀ॥ | The Patronage of the Lord's Feet and obeisance unto the saints;- In these I find the comfort of comforts. | ਪ੍ਰਭੂ ਦੇ ਪੈਰਾਂ ਦੀ ਸਰਪਰਸਤੀ, ਅਤੇ ਸਾਧੂਆਂ ਨੂੰ ਨਮਸਕਾਰ, ਇਨ੍ਹਾਂ ਅੰਦਰ ਮੈਂ ਆਰਾਮ ਦਾ ਆਰਾਮ ਪਾਉਂਦਾ ਹਾਂ। |
| ਨਾਨਕ ਤਪਤਿ ਹਰੀ॥ ਮਿਲੇ ਪ੍ਰੇਮ ਪਿਰੀ ॥੩॥੩॥੧੪੩॥ | By obtaining the love of the Beloved, Nanak's burning is quenched. | ਪਿਆਰੇ ਦਾ ਪਿਆਰ ਪਰਾਪਤ ਕਰਨ ਦੁਆਰਾ ਨਾਨਕ ਦੀ ਜਲਨ ਬੁਝ ਗਈ ਹੈ। |

▲ ▲ ▲

| ਆਸਾ ॥ | Asa. | ਆਸਾ। |
|---|---|---|
| ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥ | As many as faults the son commits, so many his mother bears not in her mind. | ਜਿਨੇ ਕਸੂਰ ਪੁੱਤਰ ਕਰਦਾ ਹੈ, ਓਨੇ ਉਸ ਦੀ ਮਾਤਾ ਆਪਣੇ ਚਿਤ ਵਿਚ ਨਹੀਂ ਰੱਖਦੀ। |
| ਰਾਮਈਆ ਹਉ ਬਾਰਿਕੁ ਤੇਰਾ॥ | My pervading God, I am Thy child. | ਮੇਰੇ ਵਿਆਪਕ ਵਾਹਿਗੁਰੂ! ਮੈਂ ਤੇਰਾ ਬੱਚਾਂ ਹਾਂ। |
| ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ | Why destroyest Thou not my demerits? | ਤੂੰ ਮੈਂਡੇ ਅਪਰਾਧਾਂ ਨੂੰ ਕਿਉਂ ਨਸ਼ਟ ਨਹੀਂ ਕਰਦਾ? |
| ਰਹਾਉ॥ | Pause. | ਠਹਿਰਾਉ। |
| ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥ | If the son in great rage runs away, even then the mother bears it not in her mind. | ਜੇਕਰ ਲੜਕਾ ਬੜੇ ਗੁੱਸੇ ਵਿਚ ਭੱਜ ਭੀ ਜਾਵੇ, ਤਦ ਭੀ ਮਾਂ ਇਸ ਨੂੰ ਆਪਣੇ ਚਿਤ ਵਿਚ ਨਹੀਂ ਰੱਖਦੀ। |
| ਚਿੰਤ ਭਵਨਿ ਮਨੁ ਪਰਿਓ ਹਮਾਰਾ॥ ਨਾਮ ਬਿਨਾ ਕੈਸੇ ਉਤਰਿਸ ਪਾਰਾ ॥੩॥ | My mind has fallen into the whirlpool of anxiety. Without the Lord's Name how can it ferry across? | ਮੇਰਾ ਚਿੱਤ ਫ਼ਿਕਰ-ਚਿੰਤਾ ਦੀ ਘੁੰਮਣਘੇਰੀ ਵਿਚ ਪੈ ਗਿਆ ਹੈ। ਪ੍ਰਭੂ ਦੇ ਨਾਮ ਦੇ ਬਾਝੋਂ ਇਹ ਕਿਸ ਤਰ੍ਹਾਂ ਤਰ ਸਕਦਾ ਹੈ? |
| ਦੇਹਿ ਬਿਮਲ ਮਤਿ ਸਦਾ ਸਰੀਰਾ॥ ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥ | Ever bless my body with pure understanding, O Lord. In peace and poise Kabir utters the praise of God. | ਮੇਰੀ ਦੇਹ ਨੂੰ ਹਮੇਸ਼ਾ ਪਵਿਤ੍ਰ ਸਮਝ ਪਰਦਾਨ ਕਰ, ਹੇ ਸੁਆਮੀ। ਆਰਾਮ ਅਤੇ ਅਡੋਲਤਾ ਅੰਦਰ ਕਬੀਰ ਵਾਹਿਗੁਰੂ ਦੀ ਕੀਰਤੀ ਉਚਾਰਨ ਕਰਦਾ ਹੈ। |

# ਆਓ ਕੁਝ ਕਰੀਏ

ੴ ਸਤਿਗੁਰ ਪ੍ਰਸਾਦਿ

*ਕੁਲਦੀਪ ਸਿੰਘ*

Tel # (718) 847-0135
Post Box No. 190082
South Richmond Hill
New York - 11419 (USA)

ਸਤਿਕਾਰਯੋਗ ਸਰਦਾਰ ਸਾਹਿਬ/ਭੈਣ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ।

ਹੁਣ ਸਮਾਂ ਆ ਗਿਆ ਹੈ ਕਿ ਸਿੱਖ ਪੰਥ ਨੂੰ ਅਜੋਕੀ ਉਦਾਸੀਨ ਹਾਲਤ ਵਿਚੋਂ ਕੱਢਿਆ ਜਾਵੇ। ਇਕ ਦੂਜੇ ਦੀ ਅਲੋਚਨਾ, ਧੜੇਬੰਦੀਆਂ, ਜ਼ਾਤ ਪਾਤ ਤੇ ਇਲਾਕਾ ਬਾਜ਼ੀ ਨੇ ਪੰਥ ਦਾ ਕੁਝ ਨਹੀਂ ਸੁਆਰਨਾ। ਸਾਨੂੰ ਆਪਣੇ ਆਪ ਨੂੰ, ਏਕਤਾ ਦੀ ਲੜੀ ਵਿੱਚ ਪਰੋ ਕੇ, ਗੁਰੂ ਦੇ ਅਕਾਲ ਪੁਰਖ ਦੇ ਭਾਉ ਤੇ ਭੈ ਵਿੱਚ ਰਹਿਣਾ ਹੋਵੇਗਾ। ਇਸ ਪ੍ਰਤੀ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ, ਭਾਰਤ ਤੇ ਪੰਜਾਬ ਵਿੱਚ ਰਹਿੰਦੇ ਸਿੱਖਾਂ ਦੇ ਮੋਢੇ ਨਾਲ ਮੋਢਾ ਲਾ ਕੇ ਪੰਥਕ ਉਨਤੀ ਲਈ ਜ਼ੋਰਦਾਰ ਕਦਮ ਚੁੱਕਣੇ ਹੋਣਗੇ।

ਇਸ ਬਾਰੇ ਯੋਜਨਾ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ। ਇਸ ਮਨਸੂਬੇ ਹੇਠ, ਪੰਥ ਦੀ ਸਰਬ ਪੱਖੀ ਉਨਤੀ ਆਧੁਨਿਕ ਤੇ ਵਿਗਿਆਨਕ ਲੀਹਾਂ ਉੱਪਰ ਕੀਤੀ ਜਾਵੇਗੀ। ਇਸ ਬਾਰੇ ਨਿਸ਼ਚਿਤ ਨਿਸ਼ਾਨੇ (targeted objectives) ਪੂਰੇ ਕਰਨੇ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਇਹ ਕੁਝ ਅੰਤਰ ਰਾਸ਼ਟਰੀ ਸੰਸਥਾਵਾਂ ਰਾਹੀਂ ਕੀਤਾ ਜਾਵੇਗਾ। ਇਨ੍ਹਾਂ ਸੰਸਥਾਵਾਂ ਦੇ ਮੁੱਖ ਦਫ਼ਤਰ ਸਿੱਖਾਂ ਦੀ ਨਿਗੱਰ ਆਬਾਦੀ ਵਾਲੇ ਦੇਸ਼ਾਂ ਵਿੱਚ ਹੋਣਗੇ। ਇਨ੍ਹਾਂ ਸੰਸਥਾਵਾਂ ਦੇ ਚੈਪਟਰ ਹਰ ਦੇਸ਼ ਦੇ ਰਾਜਾਂ, ਜ਼ਿਲਿਆਂ, ਕਾਂਊਂਟੀਆਂ ਤੇ ਸ਼ਹਿਰਾਂ ਆਦਿ ਵਿੱਚ ਬਣਾਏ ਜਾਣਗੇ। ਏਥੇ ਇਹ ਗੱਲ ਵੀ ਸਪਸ਼ਟ ਕਰ ਦੇਣੀ ਬੜੀ ਜ਼ਰੂਰੀ ਹੈ ਕਿ ਇਹ ਸੰਸਥਾਵਾਂ ਭਾਰਤ ਤੇ ਪੰਜਾਬ ਵਿੱਚ ਚੱਲ ਰਹੀਆਂ ਸਿੱਖ ਸੰਸਥਾਵਾਂ ਦੇ ਮੁਕਾਬਲੇ ਵਿੱਚ ਬਿਲਕੁਲ ਨਹੀਂ ਬਣਾਈਆਂ ਜਾ ਰਹੀਆਂ ਸਗੋਂ ਇਹ ਸੰਸਥਾਵਾਂ ਤਾਂ ਵਿਦੇਸ਼ਾਂ ਵਿੱਚ ਹੋ ਚੁੱਕੀ ਵਿਗਿਆਨਕ, ਤਕਨੀਕੀ ਤੇ ਹੋਈ ਹੋਰ ਉੱਨਤੀ ਨੂੰ ਮੁੱਖ ਰੱਖਦਿਆਂ ਅਤੇ ਸਿੱਖ ਸੰਸਥਾਵਾਂ ਨੂੰ ਆਧੁਨਿਕ ਮਾਧਿਅਮ (meduim) ਦੁਆਰਾ ਸਥਿਤ ਕਰਨ ਹਿੱਤ ਹੋਂਦ ਵਿੱਚ ਲਿਆਈਆਂ ਜਾ ਰਹੀਆਂ ਹਨ। ਇਸ ਤਰ੍ਹਾਂ ਕਰਨ ਨਾਲ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਦਾ ਬਹੁ ਪੱਖੀ ਵਿਕਾਸ ਹੋ ਸਕੇਗਾ ਅਤੇ ਉਹ ਭਾਰਤ ਤੇ ਪੰਜਾਬ ਦੇ ਸਿੱਖਾਂ ਦੀ ਸਹਾਇਤਾ ਵੀ ਕਰ ਸਕਣਗੇ। ਭਾਰਤੀ ਸਿੱਖ ਸੰਸਥਾਵਾਂ ਦਾ ਵਿਦੇਸ਼ੀ ਸਿੱਖ ਸੰਸਥਾਵਾਂ ਨਾਲ ਆਪਸੀ ਤਾਲ ਮੇਲ ਵੀ ਸੰਭਵ ਹੋ ਸਕੇਗਾ।

ਹੁਣ ਜਦੋਂ ਅਸੀਂ ਪੰਥ ਦੀਆਂ ਅਜੋਕੀਆਂ ਸੰਸਥਾਵਾਂ ਵਲ ਨ੍ਰਿਗਾ ਮਾਰਦੇ ਹਾਂ ਤਾਂ ਇਨ੍ਹਾਂ ਨਵੀਆਂ ਸੰਸਥਾਵਾਂ ਦੀ ਲੋੜ ਹੋਰ ਵੱਧ ਜਾਂਦੀ ਹੈ। ਇਸ ਦੇ ਨਾਲ ਨਾਲ ਇਹ ਗਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਭਿੰਨ ਭਿੰਨ ਕਿੱਤਿਆਂ ਤੇ ਵਰਗਾਂ ਦੇ ਸਿੰਘ ਸਿੰਘਣੀਆਂ ਦੀ ਸ਼ਮੂਲੀਅਤ, ਅਜੋਕੀਆਂ ਸਿੱਖ ਸੰਸਥਾਵਾਂ ਵਿੱਚ ਲੱਗਭਗ ਨਹੀਂ ਹੈ। ਇਸ ਦੇ ਨਾਲ ਹੀ ਪੰਥ ਦੀ ਭਿੰਨ ਭਿੰਨ ਪੱਖਾਂ ਤੋਂ ਯੋਗ ਤੇ ਪੂਰੀ ਉੱਨਤੀ ਵੀ ਕੇਵਲ ਇਕ ਅੰਤਰ ਰਾਸ਼ਟਰੀ ਸੰਸਥਾ ਰਾਹੀਂ ਕਰਨੀ ਅਸੰਭਵ ਹੈ। ਕਿਉਂਕਿ ਇਹ ਸਾਰੇ ਕੰਮ ਆਪਣੇ ਆਪ ਵਿੱਚ ਏਨੇ ਵੱਡੇ ਤੇ ਸੰਪੂਰਨ ਹਨ ਕਿ ਇਨ੍ਹਾਂ ਨੂੰ ਇਕ ਸੰਸਥਾ ਦੇ ਅਧੀਨ ਭਿੰਨ ਭਿੰਨ ਵਿੰਗਾਂ ਜਾਂ ਸਬ ਕਮੇਟੀਆਂ ਬਣਾ ਕੇ ਨਹੀਂ ਕੀਤਾ ਜਾ ਸਕਦਾ।

ਇਹ ਹੇਠ ਲਿਖੀਆਂ ਸੰਸਥਾਵਾਂ ਸਿੱਖਾਂ ਦੇ ਹਰ ਵਰਗ ਤੇ ਭਿੰਨ ਭਿੰਨ ਪੱਖਾਂ ਨੂੰ ਸਾਹਮਣੇ ਰੱਖ ਕੇ ਹੋਂਦ ਵਿੱਚ ਲਿਆਈਆਂ ਜਾ ਸਕਦੀਆਂ ਹਨ:-

1. International Sikh Women's Organization, 2. International Gurmat Organization, 3. International Sikh Youth Organization, 4. International Sikh children Organization, 5. International Sikh Educational Council, 6. International Sikh chamber of commerce and Industry, 7. International Sikh Professional's Council, 8. International Sikh sports Council, 9. International Sikh Lawyer's Council, 10. International Sikh Economist's Council, 11. International Sikh scientist's Council, 12. International Sikh Health Council, 13. International Sikh Music Council, 14. International SikhCommunication's Council, 15. International Sikh Policy Planning Council, 16. International Sikh Parent's Council, 17. International Sikh Senior Citizen's Council, 18. International Sikh Community Services Council, 19. International Sikh Historical Research Council, 20. International Sikh Writer's Council, 21. International Sikh Arts and Crafts Council & 22. International Federation of Sikh Associations.

ਇਹ ਬਾਈ ਨੰਬਰ ਉਤੇ ਦਿੱਤੀ ਗਈ ਸੰਸਥਾ ਪਾਲਸੀ ਤਾਲ ਮੇਲ ਲਈ ਸਾਰੀਆਂ ਸੰਸਥਾਵਾਂ ਦੇ ਉਪਰ ਇਕ ਅੰਬਰੇਲਾ ਸੰਸਥਾ ਵਜੋਂ ਕੰਮ ਕਰੇਗੀ ਅਤੇ ਇਸ ਦੇ ਸਰਪ੍ਰਸਤ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ ਹੋਣਗੇ।

ਇਤਨੀ ਗਿਣਤੀ ਵਿਚ ਅੰਤਰ ਰਾਸ਼ਟਰੀ ਸੰਸਥਾਵਾਂ, ਇਸ ਕਰਕੇ ਬਣਾਈਆਂ ਜਾ ਰਹੀਆਂ ਹਨ, ਤਾਂ ਜੋ ਵੱਖਰੇ ਵੱਖਰੇ ਪੰਥਕ ਪੱਖਾਂ ਬਾਰੇ ਵਧੇਰੇ ਯੋਗ ਕੰਮ ਕੀਤਾ ਜਾ ਸਕੇ। ਇਨ੍ਹਾਂ ਦੇ ਮੁੱਖ ਦਫ਼ਤਰ ਇੰਗਲੈਂਡ, ਅਮਰੀਕਾ, ਕੈਨੇਡਾ, ਸਿੰਘਾਪੁਰ, ਥਾਈਲੈਂਡ, ਆਸਟ੍ਰੇਲੀਆ, ਹਾਂਗਕਾਂਗ, ਮਲੇਸ਼ੀਆ, ਕੀਨੀਆ, ਭਾਰਤ, ਪੰਜਾਬ ਆਦਿ ਵਿਚ ਹੋ ਸਕਦੇ ਹਨ।

ਇਸ ਲਈ ਭਾਰਤ ਵਿਚ ਹੇਠ ਲਿਖੀਆਂ ਅੰਤਰ ਰਾਸ਼ਟਰੀ ਸੰਸਥਾਵਾਂ ਦੇ ਮੁੱਖ ਦਫ਼ਤਰ ਬਣਾਉਣ ਦਾ ਵਿਚਾਰ ਹੈ।

ਕੀ ਆਪ ਦੱਸਣ ਦੀ ਕਿਰਪਾ ਕਰੋਗੇ ਕਿ ਭਾਰਤ ਵਿਚ 1, 2, 3, 4, 5, 6, 8, 13, 14, 16, 27, 18, 19, 20 ਅਤੇ 21 ਉਪਰ ਦਿੱਤੀਆਂ ਗਈਆਂ ਅੰਤਰ ਰਾਸ਼ਟਰੀ ਸੰਸਥਾਵਾਂ ਦੇ ਮੁੱਖ ਦਫ਼ਤਰ ਕਿਹੜੀਆਂ ਕਿਹੜੀਆਂ ਥਾਵਾਂ 'ਤੇ ਬਣਾਏ ਜਾਣ।

ਇਨ੍ਹਾਂ ਸੰਸਥਾਵਾਂ ਦੀ ਨਿਸਚਿਤ ਸੇਵਾ ਸੰਭਾਲ ਅੰਮ੍ਰਿਤਧਾਰੀ ਸਿੰਘਣੀਆਂ ਤੇ ਸਿੰਘ ਹੀ ਕਰਨਗੇ ਪਰ ਸਾਬਤ ਸੂਰਤ ਦਸਤਾਰ ਸਿਰਾ, ਸਿੱਖ ਹੀ ਇਨ੍ਹਾਂ ਸੰਸਥਾਵਾਂ ਦੇ ਮੈਂਬਰ ਬਣ ਸਕਣਗੇ। ਬਾਕੀ ਸਲਾਹ ਆਦਿ ਲੈਣ ਲਈ ਹੋਰ ਧਰਮਾਂ ਦੇ ਲੋਕਾਂ ਨੂੰ ਵੀ ਕਮੇਟੀਆਂ ਵਿਚ ਲਿਆ ਜਾ ਸਕਦਾ ਹੈ। ਇਨ੍ਹਾਂ ਉਪਰੋਕਤ ਵਰਨਣ ਸੰਸਥਾਵਾਂ ਦੇ ਚਲਾਉਣ ਲਈ ਯੋਗ ਸਿੰਘਾਂ ਤੇ ਸਿੰਘਣੀਆਂ ਦੀ ਲੋੜ ਹੋਵੇਗੀ। ਆਪ ਦੀ ਬੜੀ ਕਿਰਪਾ ਹੋਵੇਗੀ ਕਿ ਜੇ ਕਰ ਆਪ ਅੰਤਰ ਰਾਸ਼ਟਰੀ ਪੱਧਰ ਦੇ ਮੁੱਖ ਦਫ਼ਤਰਾਂ, ਦੇਸ਼ ਤੇ ਰਾਜ ਪੱਧਰ ਦੀਆਂ ਸੰਸਥਾਵਾਂ ਵਿਚ ਸੇਵਾ ਕਰਨ ਲਈ ਯੋਗ ਸਿੰਘਾਂ ਤੇ ਸਿੰਘਣੀਆਂ ਦੇ ਘਰ ਦੇ ਪਤੇ 'ਤੇ ਟੈਲੀਫੋਨ ਨੰਬਰ ਦਸ ਸਕੋ ਤਾਂ ਜੋ ਉਨ੍ਹਾਂ ਨਾਲ ਸੰਪਰਕ ਕਾਇਮ ਕਰਕੇ ਉਨ੍ਹਾਂ ਸੰਸਥਾਵਾਂ ਦੀ ਰੂਪ ਰੇਖਾ ਬਾਰੇ ਵਿਚਾਰਾਂ ਕੀਤੀਆਂ ਜਾ ਸਕਣ। ਆਪਣੇ ਕੀਮਤੀ ਵਿਚਾਰ ਆਪ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਭੇਜਣ ਦੀ ਕਿਰਪਾ ਕਰੋ। ਦਾਸ ਆਪ ਜੀ ਦਾ ਅਤਿ ਧੰਨਵਾਦੀ ਹੋਵੇਗਾ।

ਈਮੇਲ - skuldipsingh@hotmail.com

ਈਮੇਲ ਜਾਂ ਚਿੱਠੀ ਦਾ ਉਤਰ ਦੇਣ ਸਮੇਂ ਆਪਣਾ ਪੂਰਾ ਪਤਾ ਅਤੇ ਘਰ ਦਾ ਟੈਲੀਫੋਨ ਨੰਬਰ ਜ਼ਰੂਰ ਲਿਖਣ ਦੀ ਕਿਰਪਾ ਕਰਨੀ।

ਆਦਰ ਸਹਿਤ,

ਪੰਥ ਦਾ ਦਾਸ,
ਕੁਲਦੀਪ ਸਿੰਘ